MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 39 SATURDAY, 24 SEPTEMBER, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਬੀ.ਸੀ. ਦਾ ਹੈਲਥ ਸਿਸਟਮ ਚਰਮਰਾਇਆ

## • ਡਾਕਟਰਾਂ ਨੇ ਸਿਹਤ ਮੰਤਰੀ ਨੂੰ ਲਿਖਿਆ ਚਿਤਾਵਨੀ ਪੱਤਰ • 10 ਲੱਖ ਮਰੀਜ਼ ਹਨ ਉਡੀਕ ਸੂਚੀ ਵਿਚ ਸ਼ਾਮਿਲ

ਵਿਕਟੋਰੀਆ-ਦਰਜਨਾਂ ਮਾਹਿਰ ਡਾਕਟਰਾਂ ਨੇ ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰੀ ਨੂੰ ਗੰਭੀਰ ਚਿਤਾਵਨੀਆਂ ਨਾਲ ਲਿਖੇ ਇਕ ਪੱਤਰ 'ਤੇ ਦਸਤਖਤ ਕੀਤੇ ਹਨ ਕਿ ਸਿਹਤ ਸੰਭਾਲ ਪ੍ਰਣਾਲੀ ਇਸ ਹੱਦ ਤੱਕ ਖਰਾਬ ਹੋ ਗਈ ਹੈ ਕਿ ਡਾਕਟਰਾਂ ਨੂੰ ਮਿਲਣ ਲਈ 10 ਲੱਖ ਮਰੀਜ਼ ਉਡੀਕ ਸੂਚੀ ਵਿਚ ਹਨ। 21 ਸਤੰਬਰ ਨੂੰ ਲਿਖੇ ਪੱਤਰ ਨੂੰ ਸੀਟੀਵੀ ਨਿਊਜ਼ ਨੇ ਪ੍ਰਾਪਤ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਮਰੀਜ਼ ਬਿਮਾਰ ਤੇ ਬਿਮਾਰੀਆਂ ਨਾਲ ਕਮਜ਼ੋਰ ਹੁੰਦੇ ਜਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਮਾਹਿਰ ਡਾਕਟਰ ਨੂੰ ਮਿਲਣ ਲਈ ਮਹੀਨਿਆਂ ਜਾਂ ਇਥੋਂ ਤਕ ਸਾਲਾਂ ਬੱਧੀ ਉਡੀਕ ਕਰਨ ਪੈਂਦੀ ਹੈ ਜਿਹੜਾ ਉਨ੍ਹਾਂ ਦੀ ਮੈਡੀਕਲ ਇਮੇਜਿੰਗ, ਆਪਰੇਸ਼ਨ ਜਾਂ ਦੂਸਰੇ ਮੁਹਾਰਤ ਵਾਲੇ ਇਲਾਜਾਂ ਨਾਲ ਜਿੰਦਗੀ ਦੀ ਗੁਣਵੱਤਾ ਵਿਚ ਸੁਧਾਰ ਕਰਨ ਵਿਚ ਮਦਦ ਕਰ ਸਕਦਾ ਹੈ। ਸਰਜਨਾਂ, ਬਾਲ ਰੋਗਾਂ ਦੇ ਮਾਹਿਰ




ਡਾਕਟਰਾਂ, ਚਮੜੀ ਰੋਗਾਂ ਦੇ ਮਾਹਿਰਾਂ, ਇਮਯੂਨੋਲੋਜਿਸਟ ਅਤੇ ਹੋਰਨਾਂ ਵਲੋਂ ਲਿਖੇ ਪੱਤਰ ਵਿਚ ਕਿਹਾ ਗਿਆ ਕਿ ਅਸੀਂ ਤੁਹਾਡੇ ਨਾਲ ਹੰਗਾਮੀ ਤੌਰ 'ਤੇ ਮੁਲਾਕਾਤ ਕਰਨ ਦੀ ਬੇਨਤੀ ਕਰਦੇ ਹਾਂ ਅਤੇ ਇਨ੍ਹਾਂ ਸ਼ਬਦਾਂ ਨੂੰ ਉਹ ਹਲਕੇ ਢੰਗ ਨਾਲ ਨਹੀਂ ਵਰਤ ਰਹੇ। ਅਸੀਂ ਨਿਤ ਦਿਨ ਮਾਹਿਰ ਦੇਖਭਾਲ ਵਿਚ ਗਿਰਾਵਟ ਦੇਖ ਰਹੇ ਹਾਂ ਅਤੇ ਅਸੀਂ ਥੱਕ ਗਏ ਹਾਂ ਅਤੇ ਨਿਰਾਸ਼ ਹੋ ਗਏ ਹਾਂ, ਵਿਸ਼ੇਸ਼ ਦੇਖਭਾਲ ਮੁਹੱਈਆ ਕਰਨ ਵਿਚ ਅਸਮਰੱਥ ਹੋਣਾ ਆਤਮਾ ਨੂੰ ਤਬਾਹ ਕਰਨ ਵਾਲਾ ਹੈ ਅਤੇ ਇਸ ਦੇਖ ਭਾਲ ਦੀ ਬੀਸੀ ਦੇ ਮਰੀਜ਼ਾਂ ਨੂੰ ਲੋੜ ਹੈ ਅਤੇ ਇਸ ਦਾ ਉਹ ਹੱਕ ਰੱਖਦੇ ਹਨ। ਸੀਟੀਵੀ ਨਿਊਜ਼ ਨੇ ਜਦੋਂ ਕਨਸਲਟੈਂਟਸ ਸਪੈਸ਼ਲਿਸਟਸ ਆਫ ਬੀਸੀ ਦੇ ਪ੍ਰਧਾਨ ਡਾ. ਕ੍ਰਿਸ ਹੋਗ ਨੂੰ ਇਹ ਪੁੱਛਿਆ ਕਿ ਕੀ ਸਿਹਤ ਸੰਭਾਲ ਪ੍ਰਣਾਲੀ ਢਹਿ ਢੇਰੀ ਹੋਣ ਦੇ ਕਿਨਾਰੇ ਪਹੁੰਚ ਗਈ *(ਬਾਕੀ ਸਫ਼ਾ 10 'ਤੇ)*

## 30 ਸਤੰਬਰ ਤੱਕ ਵੈਕਸੀਨ ਸਬੰਧੀ ਨਿਯਮਾਂ ਨੂੰ ਖ਼ਤਮ ਕਰਨ ਦੇ ਪੱਖ ਵਿਚ ਹਨ ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੈਨੇਡੀਅਨ ਸਰਹੱਦ ਉੱਤੇ ਕੋਵਿਡ-19 ਸਬੰਧੀ ਲਾਜ਼ਮੀ ਵੈਕਸੀਨੇਸ਼ਨ ਨਿਯਮਾਂ ਨੂੰ 30 ਸਤੰਬਰ ਤੋਂ ਖ਼ਤਮ ਕਰਨ ਦੇ ਹੱਕ ਵਿੱਚ ਹਨ। ਇਸ ਸਬੰਧੀ ਜਾਣਕਾਰੀ ਦੋ ਸੀਨੀਅਰ ਸਰਕਾਰੀ ਅਧਿਕਾਰੀਆਂ ਵੱਲੋਂ ਦਿੱਤੀ ਗਈ। ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇਨ੍ਹਾਂ ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਫੈਡਰਲ ਸਰਕਾਰ ਅਜੇ ਵੀ ਇਹ ਤੈਅ ਨਹੀਂ ਕਰ ਪਾਈ ਹੈ ਕਿ ਰੇਲਗੱਡੀਆਂ ਤੇ ਜਹਾਜ਼ਾਂ ਵਿੱਚ ਯਾਤਰੀਆਂ ਨੂੰ ਫੇਸ ਮਾਸਕ ਪਾ ਕੇ ਰੱਖਣੇ ਹੋਣਗੇ ਜਾਂ ਨਹੀਂ।ਸਰਦੀ ਜ਼ੁਕਾਮ ਤੇ ਫਲੂ ਦਾ ਸੀਜ਼ਨ ਸ਼ੁਰੂ ਹੋਣ ਦੇ ਨਾਲ ਨਾਲ ਕੋਵਿਡ-19

## ਭੋਜਨ ਸੰਕਟ ਦਾ ਸਾਹਮਣਾ ਕਰ ਰਹੇ ਹਨ ਕੈਨੇਡੀਅਨ

ਓਟਵਾ-ਜੇਕਰ ਕੈਨੇਡੀਅਨਾਂ ਦੀਆਂ ਜੇਬਾਂ 'ਤੇ ਕੋਈ ਚੀਜ਼ ਭਾਰੀ ਪੈ ਰਹੀ ਹੈ ਤਾਂ ਉਹ ਭੋਜਨ ਦੀ ਕੀਮਤ ਹੈ। ਬਹੁਤ ਸਾਰੇ ਇੰਡਸਟਰੀ ਵਿਸ਼ਲੇਸ਼ਕ ਇਸ ਨੂੰ ਵਿੱਤੀ ਤਣਾਅ ਵਾਲਾ ਤੂਫਾਨ ਆਖ ਰਹੇ ਹਨ ਜਿਹੜਾ ਹੋਰ ਪ੍ਰਚੰਡ ਹੁੰਦਾ ਦਿਸ ਰਿਹਾ ਹੈ। ਤੁਸੀਂ ਇਹ ਚੀਜ਼ ਇਕ ਲਿਟਰ ਦੁੱਧ ਤੋਂ ਲੈ ਕੇ ਇਕ ਰੋਟੀ ਦੀ ਖਰੀਦ ਤਕ ਦੇਖ ਰਹੇ ਹੋ। ਕੈਨੇਡੀਅਨ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪਿਸ ਰਹੇ ਹਨ ਕਿਉਂਕਿ ਖੁਰਾਕੀ ਵਸਤਾਂ ਦੀ ਕੀਮਤ ਅਸਮਾਨ ਛੂ ਰਹੀ ਹੈ। ਖੋਜ ਦੱਸਦੀ ਹੈ ਕਿ ਬੇਕਰੀ ਵਸਤਾਂ




ਦੀਆਂ ਕੀਮਤਾਂ ਪਿਛਲੇ ਸਾਲ ਦੇ ਮੁਕਾਬਲੇ 13.6 ਫ਼ੀਸਦੀ ਵਧੀਆਂ ਹਨ ਜਿਵੇਂ ਗੈਰ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਵਧੀਆਂ ਹਨ। ਪਿਛਲੇ ਸਾਲ ਨਾਲੋਂ ਅੰਡਿਆਂ ਦੀ ਕੀਮਤ 15.8 ਫੀਸਦੀ, ਖੰਡ ਤੇ ਮਿਠਾਈਆਂ ਦੀਆਂ ਵਸਤਾਂ ਦੀ ਕੀਮਤ 9.7 ਫ਼ੀਸਦੀ ਵਧੀ ਹੈ ਅਤੇ ਅਸੀਂ ਅਜੇ ਤਾਜ਼ਾ ਉਤਪਾਦਾਂ, ਫਲਾਂ ਜਾਂ ਤੁਹਾਡੀ ਸਵੇਰ ਦੀ ਚਾਹ ਜਾਂ ਕੌਫੀ ਤੋਂ ਸ਼ੁਰੂਆਤ ਨਹੀਂ ਕਰ ਰਹੇ। ਇਹ ਮਹਿੰਗਾਈ ਬਜ਼ੁਰਗਾਂ ਤੇ ਗਰੀਬਾਂ ਲਈ ਹੋਰ ਵੀ ਮਾੜੀ ਹੈ।

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
•Complete Denture
•Implant Denture
•Partial Denture
•Reline, Rebase
•Emergency Repair
•Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave. Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

**ACCOUNTANT**
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting • Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 39 SATURDAY, 24 SEPTEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਸੁਪਰੀਮ ਕੋਰਟ ਵੱਲੋਂ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਨਤਾ

## • ਸ਼੍ਰੋਮਣੀ ਕਮੇਟੀ ਵੱਲੋਂ ਪਾਈ ਗਈ ਪਟੀਸ਼ਨ ਖਾਰਜ ਕੀਤੀ • ਹਰਿਆਣਾ 'ਚ ਵੱਖਰੀ ਕਮੇਟੀ ਵਾਲੇ ਸਿੱਖ ਬਾਗੋਬਾਗ

ਸਿਰਸਾ-ਸੁਪਰੀਮ ਕੋਰਟ ਨੇ ਸ੍ਰੋਮਣੀ ਕਮੇਟੀ ਵਲੋ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਦੀ ਮਾਨਤਾ ਰੱਦ ਕੀਤੇ ਜਾਣ ਲਈ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਹਰਿਆਣਾ ਸਰਕਾਰ ਦੁਆਰਾ ਬਣਾਈ ਗਈ ਹਰਿਆਣਾ ਗੁਰਦੁਆਰਾ ਕਮੇਟੀ ਨੂੰ ਕਨੂੰਨ ਦੇ ਦਾਇਰੇ ਵਿਚ ਹੋਣ ਦੀ ਗੱਲ ਕਰਦਿਆਂ ਮਾਨਤਾ ਦੇ ਦਿੱਤੀ। ਇਸ ਫੈਸਲੇ ਦਾ ਜਿਥੇ ਸ੍ਰੋਮਣੀ ਕਮੇਟੀ ਵਲੋ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ ਉਥੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਰਿਆਣਾ ਦੀ ਸਿੱਖ ਸੰਗਤ ਨੇ ਸਪਰੀਮ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਟੀਸ਼ਨ ਖ਼ਾਰਜ ਕਰਨ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿੱਚ ਫ਼ੈਸਲਾ ਦੇਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਮਗਰੋਂ ਹਰਿਆਣਾ ਦੀ ਸਿੱਖ ਸੰਗਤ ਨੂੰ ਸੂਬੇ ਅੰਦਰਲੇ ਗੁਰਦੁਆਰਿਆਂ ਦੀ ਸੰਭਾਲ ਦਾ ਮੌਕਾ ਮਿਲੇਗਾ। ਫ਼ੈਸਲਾ ਆਉਣ ਮਗਰੋਂ ਸਿੱਖ ਸੰਗਤ ਅਤੇ ਸਿਆਸੀ ਆਗੂਆਂ ਨੇ ਜਥੇਦਾਰ ਦਾਦੂ ਦੀ ਰਿਹਾਇਸ਼ 'ਤੇ ਪਹੁੰਚ ਕੇ ਮਠਿਆਈ ਵੰਡ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਆਖਿਆ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿੱਚ ਆਉਣ ਨਾਲ ਹਰਿਆਣਾ ਦੀ ਸਿੱਖ ਸੰਗਤ ਵਿੱਚ ਖ਼ੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੂਬੇ ਦੇ ਇਤਿਹਾਸਕ ਗੁਰਦੁਆਰਿਆਂ ਸਣੇ ਕਮੇਟੀ ਦੇ ਅਧੀਨ ਚੱਲਣ ਵਾਲੇ ਸਕੂਲ, ਕਾਲਜ ਤੇ ਹੋਰ ਆਦਾਰਿਆਂ ਦੀ ਸੰਭਾਲ ਦਾ ਮੌਕਾ ਮਿਲੇਗਾ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਹਰਿਆਣਾ ਦੀ



ਸੰਗਤ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਹਰਿਆਣਾ ਅਤੇ ਕੇਂਦਰ ਸਰਕਾਰ ਦੇ ਨਾਲ-ਨਾਲ ਅਦਾਲਤ ਵਿੱਚ ਹਰਿਆਣਾ ਦਾ ਪੱਖ ਰੱਖਣ ਵਾਲੇ ਵਕੀਲਾਂ ਦਾ ਵੀ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਹਰਿਆਣਾ ਵਿੱਚ ਸਿੱਖ ਸੰਗਤ ਵੱਲੋਂ ਵੱਡਾ ਸਮਾਗਮ ਕੀਤਾ ਜਾਵੇਗਾ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸਣੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਸਹਿਯੋਗ ਕਰਨ ਵਾਲਿਆਂ ਦਾ ਸਨਮਾਨ ਕੀਤਾ ਜਾਵੇਗਾ।

## ਸੁਖਬੀਰ ਬਾਦਲ ਵੱਲੋਂ ਸੁਪਰੀਮ ਕੋਰਟ ਦਾ ਫੈਸਲਾ ਪੰਥ ਤੇ ਹਮਲਾ ਕਰਾਰ



ਚੰਡੀਗੜ੍ਹ-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ-2014 ਨੂੰ ਮਾਨਤਾ ਦੇਣ ਦੇ ਫ਼ੈਸਲੇ ਨੂੰ ਪੰਥ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਦੁਨੀਆਂ ਭਰ ਦੇ ਸਿੱਖਾਂ ਵਿੱਚ ਰੋਸ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ, ਜੋ ਅੰਤਰਰਾਜੀ ਸੰਸਥਾ ਹੈ, ਨੂੰ ਇਕ ਸੂਬਾਈ ਕਾਨੂੰਨ ਦੇ ਆਧਾਰ 'ਤੇ ਵੰਡਿਆ ਜਾ ਰਿਹਾ ਹੈ। ਹਾਲਾਂਕਿ ਇਸ ਮਾਮਲੇ 'ਤੇ ਕਾਨੂੰਨ ਬਣਾਉਣ ਦੀ ਤਾਕਤ ਸਿਰਫ਼ ਕੇਂਦਰ ਦੇ ਹੱਥ ਹੈ। ਸ੍ਰੀ ਸੁਖਬੀਰ ਨੇ ਕਿਹਾ ਕਿ ਕਾਂਗਰਸ ਦਹਾਕਿਆਂ ਤੋਂ ਅਕਾਲੀ ਦਲ ਦੇ ਨਾਲ-ਨਾਲ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca



# ਬਾਬਾ ਫਰੀਦ ਆਗਮਨ ਪੁਰਬ ਮੌਕੇ ਗੁਰਦੁਆਰਾ ਸ੍ਰੀ ਸਿੰਘ ਸਭਾ ਸਰੀ ਵਿਖੇ ਹੋਇਆ ਸ਼ਾਨਦਾਰ ਕਵੀ ਦਰਬਾਰ

ਸਰੀ (ਹਰਦਮ ਮਾਨ)-ਬਾਬਾ ਫਰੀਦ ਸੋਸਾਇਟੀ ਸਰੀ ਵੱਲੋਂ ਬਾਬਾ ਫਰੀਦ ਆਗਮਨ ਪੁਰਬ ਮੌਕੇ ਗੁਰਦੁਆਰਾ ਸ੍ਰੀ ਸਿੰਘ ਸਭਾ ਸਰੀ ਵਿਖੇ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ। ਇਸ ਮੌਕੇ ਰੇਡੀਓ ਹੋਸਟ ਗੁਰਬਾਜ਼ ਸਿੰਘ ਬਰਾੜ ਨੇ ਬਾਬਾ ਫਰੀਦ ਦੇ ਜੀਵਨ ਅਤੇ ਬਾਣੀ ਉਪਰ ਚਾਨਣਾ ਪਾਉਂਦਿਆਂ ਕਿਹਾ ਕਿ ਛੋਟੀ ਉਮਰ ਵਿਚ ਸ਼ੇਖ ਫਰੀਦ ਜੀ ਦੇ ਪਿਤਾ ਸੁਰਗਵਾਸ ਹੋ ਗਏ ਸਨ ਅਤੇ ਉਨ੍ਹਾਂ ਦੀ ਮਾਤਾ ਮਰੀਅਮ ਨੇ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ। ਸ਼ੇਖ ਫਰੀਦ ਅੱਠ ਸਾਲ ਦੀ ਉਮਰ ਵਿਚ ਹਾਫਿਜ਼ ਹੋ ਗਏ ਸਨ। ਉਹ ਪੰਜਾਬੀ ਦੇ ਪਹਿਲੇ ਪ੍ਰਮਾਣਿਤ ਕਵੀ ਮੰਨੇ ਜਾਂਦੇ ਹਨ। ਉਨ੍ਹਾਂ ਦੇ ਚਾਰ ਸ਼ਬਦ ਅਤੇ 112 ਸ਼ਲੋਕ ਸ੍ਰੀ ਗੁਰੂ ਗਰੰਥ ਵਿਚ ਦਰਜ ਹਨ। ਉਨ੍ਹਾਂ ਨੇ ਆਪਣੀ ਸਮੁੱਚੀ ਬਾਣੀ ਰਾਹੀਂ ਮਨੁੱਖ ਨੂੰ ਨਿਮਰਤਾ ਨਾਲ ਸਾਦਾ ਜੀਵਨ ਬਿਤਾਉਣ, ਰੱਬ ਨਾਲ ਜੁੜਣ, ਹਰ ਇਕ ਦਾ ਭਲਾ ਮਨਾਉਣ, ਜੀਵਨ ਦੀ ਨਾਸ਼ਮਾਨਤਾ ਨੂੰ ਯਾਦ ਰੱਖਣ ਦੀ ਪ੍ਰੇਰਨਾ ਦਿੱਤੀ ਅਤੇ ਰੁੱਖਾਂ ਵਾਂਗ ਹਰ ਦੁੱਖ ਸੁੱਖ ਸਹਿਣ ਕਰਨ ਲਈ ਉਤਸ਼ਾਹਿਤ ਕੀਤਾ। ਕਵੀ ਦਰਬਾਰ ਦਾ ਸੰਚਾਲਨ ਕਰਦਿਆਂ ਅੰਗਰੇਜ਼ ਸਿੰਘ ਬਰਾੜ ਨੇ ਹਾਜਰ ਸੰਗਤਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਕਿਹਾ ਕਿ ਸੰਗਤਾਂ ਅਤੇ ਕਵੀਆਂ ਦੇ ਸਹਿਯੋਗ ਸਦਕਾ ਅੱਜ ਅਸੀਂ 24ਵਾਂ ਕਵੀ ਦਰਬਾਰ ਕਰਵਾ ਰਹੇ ਹਾਂ। ਉੱਘੇ ਢਾਡੀ ਅਤੇ ਕਵੀਸ਼ਰ ਚਮਕੌਰ ਸਿੰਘ ਸੇਖੋਂ ਅਤੇ ਨਵਦੀਪ ਗਿੱਲ ਨੇ ਬਾਬਾ ਫਰੀਦ ਦੀ ਬਾਣੀ ਤੇ ਆਧਾਰਤ ਕਵੀਸ਼ਰੀ ਸੁਣਾ ਕੇ ਕਾਵਿਕ ਮਾਹੌਲ ਸਿਰਜਿਆ। ਉਪਰੰਤ ਉਸਤਾਦ ਸ਼ਾਇਰ ਗੁਰਦਰਸ਼ਨ ਬਾਦਲ, ਮੋਹਨ ਗਿੱਲ, ਹਰਦਮ ਮਾਨ, ਡਾ. ਹਰਿੰਦਰ ਕੌਰ, ਲਾਲ ਪਧਿਆਣਵੀ, ਸਤੀਸ਼ ਗੁਲਾਟੀ, ਰਾਜਵੰਤ ਰਾਜ, ਬਲਬੀਰ ਸੰਘਾ, ਦਰਸ਼ਨ ਸੰਘਾ, ਜਸਪ੍ਰੀਤ ਕੌਰ ਨੇ ਬਾਬਾ ਫਰੀਦ ਨੂੰ ਸਮੱਰਪਿਤ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ, ਧਾਰਮਿਕ ਅਤੇ ਸਮਾਜਿਕ ਰੰਗ ਵਿਚ ਰੰਗੀਆਂ ਕਵਿਤਾਵਾਂ, ਗੀਤਾਂ, ਦੋਹਿਆਂ ਰਾਹੀਂ ਆਪਣੀ ਹਾਜਰੀ ਲੁਆਈ। ਵੱਡੀ ਗਿਣਤੀ ਵਿਚ ਸੰਗਤ ਨੇ ਇਸ ਕਵੀ ਦਰਬਾਰ ਦਾ ਆਨੰਦ ਮਾਣਿਆ। ਅੰਤ ਵਿਚ ਦਰਸ਼ਨ ਸੰਘਾ ਨੇ ਬਾਬਾ ਫਰੀਦ ਸੋਸਾਇਟੀ ਸਰੀ ਵੱਲੋਂ ਸਾਰੇ ਕਵੀ ਸਾਹਿਬਾਨ ਅਤੇ ਕਵੀ ਦਰਬਾਰ ਦਾ ਆਨੰਦ ਮਾਣ ਰਹੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਇਸੇ ਤਰ੍ਹਾਂ ਸਹਿਯੋਗ ਦੇਣ ਦੀ ਉਮੀਦ ਜ਼ਾਹਰ ਕੀਤੀ। ਬਾਬਾ ਫਰੀਦ ਸੋਸਾਇਟੀ ਸਰੀ ਵੱਲੋਂ ਸਾਰੇ ਕਵੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



## ਆਰਸੀਐਮਪੀ ਦੀ ਤਲਾਸ਼ੀ ਦੌਰਾਨ ਇਕ ਸਟੋਰ ਵਿਚੋਂ ਨਕਦੀ ਤੇ ਫੈਂਟਾਨਿਲ ਨਸ਼ੀਲਾ ਪਦਾਰਥ ਬਰਾਮਦ




ਸਰੀ-ਆਰਸੀਐਮਪੀ ਨੇ ਦੱਸਿਆ ਕਿ 30 ਅਗਸਤ ਦੇ ਤਲਾਸ਼ੀ ਵਾਰੰਟ ਦੀ ਤਾਮੀਲ ਕਰਦਿਆਂ ਉਨ੍ਹਾਂ ਨੇ ਸਿਟੀ ਸੈਂਟਰ ਵਿਚ ਸਿਟੀ ਪਾਰਕਵੇਅ ਦੇ 10200 ਬਲਾਕ ਵਿਚ ਇਕ ਕਨਵੀਨੈਂਸ ਸਟੋਰ ਵਿਚੋਂ ਗੈਰਕਾਨੂੰਨੀ ਨਸ਼ੀਲਾ ਪਦਾਰਥ ਅਤੇ ਵੱਡੀ ਮਾਤਰਾ ਵਿਚ ਨਕਦੀ ਬਰਾਮਦ ਕੀਤੀ ਹੈ। ਅਧਿਕਾਰੀਆਂ ਨੂੰ 230 ਗ੍ਰਾਮ ਬਲਕ ਫੈਂਟਾਨਿਲ, 38 ਗ੍ਰਾਮ ਮੇਥਲਫੇਟਾਮਾਈਨ, 17 ਗ੍ਰਾਮ ਕੋਕੀਨ, 38 ਗ੍ਰਾਮ ਹਾਈਡਰੋਮੋਰਫੀਨ ਦੀਆਂ ਗੋਲੀਆਂ, 278 ਗ੍ਰਾਮ ਭੰਗ ਅਤੇ ਡੇੜ ਲੱਖ ਡਾਲਰ ਦੀ ਨਕਦੀ ਮਿਲੀ ਹੈ। ਸਰੀ ਆਰਸੀਐਮਪੀ ਦੀ ਮੀਡੀਆ ਰਿਲੇਸ਼ਨ ਅਫਸਰ ਕੰਸਟੇਬਲ ਸਰਬਜੀਤ ਕੌਰ ਸੰਘਾ ਨੇ ਦੱਸਿਆ ਕਿ ਬਲਕ ਫੈਂਟਾਨਿਲ ਇਕੱਲੀ ਦੀਆਂ 2000 ਤੋਂ ਵੀ ਜ਼ਿਆਦਾ ਸੰਭਾਵੀ ਘਾਤਕ ਖੁਰਾਕਾਂ ਹਨ। ਅਸੀਂ ਇਸ ਥਾਂ 'ਤੇ ਨੇੜਿਓਂ ਨਜ਼ਰ ਰੱਖਾਂਗੇ ਜਿਹੜੀ ਨਸ਼ੀਲੇ ਪਦਾਰਥਾਂ ਦੇ ਲੈਣ ਦੇਣ ਤੇ ਹਿੰਸਾ ਦਾ ਗਰਮ ਸਥਾਨ ਰਹੀ ਹੈ। ਜਾਂਚ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਸਟੋਰ ਨੂੰ ਇਲਾਕੇ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਰਤਿਆ ਜਾ ਰਿਹਾ ਸੀ।

## ਨਸ਼ਾ ਤਸਕਰੀ ਨਾਲ ਜੁੜੇ ਅਲਬਰਟਾ ਦੇ ਵਿਅਕਤੀ ਦੀ ਸਰੀ ਵਿਚ ਗੋਲੀ ਮਾਰ ਕੇ ਹੱਤਿਆ

ਸਰੀ-ਨਸ਼ਾ ਤਸਕਰੀ ਨਾਲ ਜੁੜੇ ਅਲਬਰਟਾ ਦੇ ਇਕ ਵਿਅਕਤੀ ਦੀ ਸਰੀ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਦੱਸਿਆ ਕਿ ਮੰਗਲਵਾਰ ਸਵੇਰੇ 9.30 ਵਜੇ ਆਰਸੀਐਮਪੀ ਨੂੰ ਫੋਨ ਕਾਲ ਆਈ ਜਿਸ ਪਿੱਛੋਂ ਜਦੋਂ ਟੀਮ ਮੌਕੇ 'ਤੇ ਪੁੱਜੀ ਤਾਂ ਉਸ ਨੂੰ ਐਡਮਿੰਟਨ ਵਾਸੀ 27 ਸਾਲਾ ਰਿਚਰਡ ਓਫੋਸੁਹੇਨ 127ਵੀਂ ਸਟਰੀਟ ਦੇ 8800 ਬਲਾਕ ਵਿਚ ਕਾਲੇ ਰੰਗ ਦੀ ਹੌਂਡਾ ਕਾਰਨ ਵਿਚ ਬੇਹੋਸ਼ੀ ਦੀ ਹਾਲਤ ਵਿਚ ਮਿਲਿਆ। ਪਹਿਲਾਂ ਪਹੁੰਚੇ ਅਧਿਕਾਰੀਆਂ ਨੇ ਜਿੰਦਗੀ ਨੂੰ ਬਚਾਉਣ ਦੇ ਯਤਨ ਕੀਤੇ ਪਰ ਓਫੋਸੁਹੇਨ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਨੂੰ ਪੁਲਿਸ ਜਾਣਦੀ ਸੀ ਅਤੇ ਉਹ ਅਲਬਰਟਾ ਵਿਚ ਨਸ਼ੀਲੇ ਪਦਾਰਥਾਂ ਦੇ ਧੰਦੇ ਨਾਲ ਜੁੜਿਆ ਹੋਇਆ ਸੀ। ਜਾਂਚ ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਇਹ ਇਕ ਵੱਖਰੀ ਘਟਨਾ ਹੈ ਜਿਹੜੀ ਲੋਅਰ ਮੇਨਲੈਂਡ ਗੈਂਗ ਵਾਰ ਨਾਲ ਜੁੜੀ ਨਹੀਂ ਲਗਦੀ। ਇਸ ਕਤਲ ਦੀ ਵਜ੍ਹਾ ਦਾ ਅਜੇ ਪਤਾ ਲਗਾਇਆ ਜਾਣਾ ਹੈ।

Get your Mortgage approved from the
CANADA'S TOP #26 MORTGAGE BROKER
2022 TOP 75 BROKERS CMP
• Purchase • Renewal • Refinance
• Construction & Farm Mortgages
4.18%* 5 Years Variable Closed
*Conditions Apply.
GET CASH BACK UPTO $3,000*



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply. Valid till 31 August, 2022



SHARNJIT GILL, AMP
604 507 1000
SURREY
Unit 244 8138 128 St
www.quickapproval.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Ask for Special Rate for Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available

# ਬੀ.ਸੀ. 'ਚ ਆਰਸੀਐਮਪੀ ਦੇ ਨਵੇਂ ਇੰਚਾਰਜ ਮੈਕਡੌਨਲਡ ਨੇ ਕਾਰਜਭਾਰ ਸੰਭਾਲਿਆ



ਵੈਨਕੂਵਰ-ਬੀਸੀ ਵਿਚ ਆਰਸੀਐਮਪੀ ਲਈ ਨਵੇਂ ਕਮਾਂਡਿੰਗ ਅਫਸਰ, ਡਿਪਟੀ ਕਮਿਸ਼ਨਰ ਡਵੇਨ ਮੈਕਡੌਨਾਲਡ ਨੇ ਲੈਂਗਲੀ ਵਿਚ ਕਈ ਸੈਂਕੜੇ ਸ਼ਖਸੀਅਤਾਂ ਤੇ ਅਫਸਰਾਂ ਦੇ ਸਾਹਮਣੇ ਬੈਂਡ ਬਾਜਿਆਂ ਦੀ ਗੂੰਜ ਵਿਚ ਰਸਮੀ ਰੂਪ ਵਿਚ ਸਹੁੰ ਚੁੱਕ ਲਈ। ਉਨ੍ਹਾਂ ਦੀ ਇਕ ਜੁਲਾਈ ਤੋਂ ਨਿਯੁਕਤੀ ਦਾ ਐਲਾਨ ਪਹਿਲਾਂ ਕੀਤਾ ਗਿਆ ਸੀ ਅਤੇ ਉਹ ਡਿਪਟੀ ਕਮਿਸ਼ਨਰ ਜੇਨੀਫਰ ਸਟਰੈਚਨ ਤੋਂ ਕਾਰਜਭਾਰ ਸੰਭਾਲ ਰਹੇ ਹਨ ਜਿਹੜੇ 33 ਸਾਲ ਦੀ ਸੇਵਾ ਪਿੱਛੋਂ ਸੇਵਾ ਮੁਕਤ ਹੋ ਰਹੇ ਹਨ। ਸਹੁੰ ਚੁੱਕ ਸਮਾਰੋਹ ਪਿੱਛੋਂ ਪੱਤਰਕਾਰਾਂ ਨਾਲ ਸਵਾਲ ਜਵਾਬ ਦੇ ਸੈਸ਼ਨ ਦੌਰਾਨ ਜਦੋਂ ਮੈਕਡੌਨਾਲਡ ਨੂੰ ਸਰੀ ਵਿਚ ਆਰਸੀਐਮਪੀ ਤੋਂ ਚਾਰਜ ਲੈ ਕੇ ਮਿਊਂਸਪਲ ਫੋਰਸ ਨੂੰ ਦੇਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੇਰਾ ਖਿਆਲ ਹੈ ਕਿ ਇਸ ਗੁੰਝਲਦਾਰ ਤਬਦੀਲੀ ਨੂੰ ਸਮਾਂ ਲੱਗੇਗਾ। ਅਸੀਂ ਇਸ ਤਬਦੀਲੀ ਨੂੰ ਕੁਝ ਸਾਲ ਲੱਗਣ ਦੀ ਗੱਲ ਵਜੋਂ ਦੇਖ ਰਹੇ ਹਾਂ।

# ਮੇਜਰ ਜਨਰਲ ਡੈਨੀ ਫੋਰਟਿਨ ਨੇ ਜਿਣਸੀ ਹਮਲੇ ਦੇ ਦੋਸ਼ ਨਕਾਰੇ

ਗੈਟੀਨਿਊ-ਕੋਵਿਡ-19 ਵੈਕਸੀਨ ਸ਼ੁਰੂ ਕਰਨ ਦੇ ਇਨਚਾਰਜ ਸਾਬਕਾ ਸੀਨੀਅਰ ਸੈਨਿਕ ਅਫਸਰ ਦਾ ਕਹਿਣਾ ਕਿ ਉਹ ਜਿਣਸੀ ਹਮਲੇ ਦੇ ਗਲਤ ਦੋਸ਼ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਸ ਦਾ ਪੀੜਤ ਨਾਲ ਕਦੇ ਵੀ ਸਰੀਰਕ ਸੰਪਰਕ ਨਹੀਂ ਰਿਹਾ। ਆਪਣੇ ਖਿਲਾਫ ਚਲ ਰਹੇ ਮੁਕੱਦਮੇ ਦੇ ਦੂਸਰੇ ਦਿਨ ਬਿਆਨ ਦਿੰਦਿਆਂ ਮੇਜਰ ਜਨਰਲ ਡੈਨੀ ਫਰੋਟਿਨ ਨੇ ਅਦਾਲਤ ਨੂੰ ਦੱਸਿਆ ਕਿ ਜੋ ਕੁਝ ਉਸ ਨੇ ਮੇਰੇ 'ਤੇ ਦੋਸ਼ ਲਗਾਇਆ ਉਹ ਗੱਲ ਉਸ ਨੇ ਕਦੇ ਕੀਤੀ ਹੀ ਨਹੀਂ। ਉਹ ਕਦੀ ਵੀ ਕਥਿਤ ਪੀੜਤ ਦੇ ਕਮਰੇ ਵਿਚ ਦਾਖਲ ਨਹੀਂ ਹੋਇਆ, ਉਸ ਨੇ ਕਦੇ ਵੀ ਉਸ ਵੱਲ ਸਰੀਰਕ ਜਾਂ ਜਿਣਸੀ ਇਸ਼ਾਰਾ ਨਹੀਂ ਕੀਤਾ ਅਤੇ ਉਹ ਕਿਸੇ ਵੀ ਰੂਪ ਵਿਚ ਉਸ ਨਾਲ ਸਰੀਰਕ ਸੰਪਰਕ ਵਿਚ ਨਹੀਂ ਰਿਹਾ। ਸੋਮਵਾਰ ਕਥਿਤ ਪੀੜਤ ਨੇ ਬਿਆਨ ਦਿੱਤਾ ਕਿ ਕਿ ਜਦੋਂ ਉਹ 1988 ਵਿਚ ਰਾਇਲ ਮਿਲਟਰੀ ਕਾਲਜ ਸੇਂਟ-ਜੀਨ ਵਿਚ ਵਿਦਿਆਰਥੀ ਸਨ ਤਾਂ ਉਹ ਉਸ ਵਲੋਂ ਕੀਤੀ ਗਲਤ ਹਰਕਤ ਕਾਰਨ ਭੈਭੀਤ ਤੇ ਸਦਮੇ ਵਿਚ ਸੀ। ਜਦੋਂ ਉਸ ਨੇ ਇਕ ਅੱਖ ਖੋਲ੍ਹੀ ਤਾਂ ਉਸ ਨੇ ਤੁਰੰਤ ਫੋਰਟਿਨ ਨੂੰ ਪਛਾਣ ਲਿਆ। ਫੋਰਟਿਨ ਨੇ ਕਿਹਾ ਕਿ 2021 ਦੀ ਸਪਰਿੰਗ ਵਿਚ ਉਸ ਨੂੰ ਜਾਂਚ ਦੇ ਘੇਰੇ ਵਿਚ ਹੋਣ ਦਾ ਪਤਾ ਲੱਗਣ ਪਿੱਛੋਂ ਉਸ ਨੂੰ ਸ਼ਿਕਾਇਤ ਕਰਨ ਵਾਲੀ ਔਰਤ ਦੀ ਪਛਾਣ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਹੈਰਾਨ ਹੋਇਆ ਸੀ। ਉਸ ਸਮੇਂ ਉਹ ਕੋਵਿਡ-19 ਟੀਕਾ ਵਿਤਰਣ ਦੀ ਅਗਵਾਈ ਕਰਨ ਵਾਲਾ ਹਾਈ ਪ੍ਰੋਫਾਈਲ ਕੰਮ ਕਰ ਰਿਹਾ ਸੀ ਅਤੇ ਉਸ ਨੂੰ ਜਾਂਚ ਪੂਰੀ ਹੋਣ ਤਕ ਅਹੁਦੇ ਤੋਂ ਹਟਣ ਲਈ ਕਿਹਾ ਗਿਆ ਸੀ। ਉਸ ਦੇ ਵਕੀਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਥਿਤ ਪੀੜਤ ਨੇ ਸੀਨੀਅਰ ਸੈਨਿਕ ਮੈਂਬਰ ਦੀ ਗਲਤ ਪਛਾਣ ਕੀਤੀ ਹੈ। ਉਸ ਨੇ ਦੱਸਿਆ ਕਿ ਇਸ ਝੂਠੇ ਦੋਸ਼ ਤੋਂ ਉਸ ਦਾ ਪਰਿਵਾਰ ਪੀੜਤ ਹੈ ਅਤੇ ਉਹ ਸਾਰੇ ਪ੍ਰਭਾਵਾਂ ਨਾਲ ਰਹਿਣ ਲਈ ਸੰਘਰਸ਼ ਕਰ ਰਿਹਾ ਹੈ ਅਤੇ ਉਸ ਦੀ ਵਿੱਤੀ ਹਾਲਤ ਬਹੁਤ ਖਰਾਬ ਹੋ ਗਈ ਹੈ।



# ਜੈਕ ਹੁੰਦਲ ਵਲੋਂ ਪੈਂਟਿਕਟਨ ਤੋਂ ਚੋਣ ਨਾ ਲੜਨ ਦਾ ਐਲਾਨ



ਸਰੀ-ਸਰੀ ਦੇ ਸਾਬਕਾ ਕੌਂਸਲਰ ਜੈਕ ਹੁੰਦਲ ਜਿਨ੍ਹਾਂ ਨੇ ਪੈਂਟਿਕਟਨ ਵਿਖੇ ਰਾਜਸੀ ਪਾਰੀ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਸੀ 15 ਅਕਤੂਬਰ ਦੀ ਚੋਣ ਤੋਂ ਪਹਿਲਾਂ ਹੀ ਚੋਣ ਮੈਦਾਨ ਵਿਚੋਂ ਹਟ ਗਏ ਹਨ। ਜੈਕ ਹੁੰਦਲ ਜਿਸ ਨੇ ਪੈਂਟਿਕਟਨ ਵਿਚ ਉਸੇ ਭੂਮਿਕਾ ਲਈ ਉਮੀਦਵਾਰੀ ਦਾ ਐਲਾਨ ਕੀਤਾ ਸੀ ਨੇ ਸ਼ੁੱਕਰਵਾਰ ਬਾਅਦ ਦੁਪਹਿਰ ਫੇਸਬੁੱਕ ਪੇਜ 'ਤੇ ਕੌਂਸਲਰ ਬਣਨ ਦੀ ਦੌੜ ਵਿਚੋਂ ਬਾਹਰ ਹੋਣ ਦੀਆਂ ਆਪਣੀਆਂ ਇੱਛਾਵਾਂ ਦਾ ਐਲਾਨ ਕੀਤਾ ਹੈ। ਉਸ ਨੇ ਲਿਖਿਆ ਕਿ ਇਕ ਪਰਿਵਾਰਕ ਮੈਂਬਰ ਦੀ ਸਿਹਤ ਤੇਜ਼ੀ ਨਾਲ ਖਰਾਬ ਹੋਣ ਕਾਰਨ ਇਸ ਸਮੇਂ ਉਸ ਵਲੋਂ ਆਪਣਾ ਚੋਣ ਪ੍ਰਚਾਰ ਜਾਰੀ ਨਹੀਂ ਰੱਖਿਆ ਜਾ ਸਕੇਗਾ। ਉਸ ਨੇ ਹਮੇਸ਼ਾ ਪਰਿਵਾਰ ਨੂੰ ਪਹਿਲ ਦਿੱਤੀ ਹੈ ਅਤੇ ਉਸ ਕੋਲ ਅਗਲੇ ਮਹੀਨੇ ਹੋ ਰਹੀ ਚੋਣ ਲਈ ਪ੍ਰਚਾਰ ਕਰਨ ਵਾਸਤੇ ਸਮਾਂ ਨਹੀਂ ਹੋਵੇਗਾ। ਉਹ ਮੁੱਦਿਆਂ ਨੂੰ ਉਠਾਉਣਾ ਜਾਰੀ ਰੱਖੇਗਾ ਤੇ ਹਮਖਿਆਲ ਉਮੀਦਵਾਰਾਂ ਦਾ ਸਮਰਥਨ ਜਾਰੀ ਰੱਖੇਗਾ ਜਿਹੜੇ ਸਿਹਤਮੰਦ ਤੇ ਪ੍ਰਗਤੀਸ਼ੀਲ ਪੈਂਟਿਕਟਨ ਲਈ ਬਿਹਤਰੀ ਚਾਹੁੰਦੇ ਹਨ। ਹੁੰਦਲ ਪਹਿਲੀ ਵਾਰ 2018 ਵਿਚ ਸਰੀ ਕੌਂਸਲਰ ਚੁਣਿਆਂ ਗਿਆ ਸੀ।

# ਯੂਨਾਈਟਡ ਸਰੀ ਵਲੋਂ ਲਾਅ-ਇਨਫੋਰਸਮੈਂਟ ਫੈਸਿਲਟੀ ਬਣਾਉਣ ਦਾ ਵਾਅਦਾ

ਸਰੀ-ਮੇਅਰ ਅਹੁਦੇ ਦੇ ਉਮੀਦਵਾਰ ਸੁੱਖ ਧਾਲੀਵਾਲ ਦੀ ਅਗਵਾਈ ਵਾਲੀ ਸਲੇਟ ਨੇ ਸਰੀ ਵਿਚ ਹੋਰ ਯੋਜਨਾਵਾਂ ਤੋਂ ਇਲਾਵਾ ਇਕ ਲਾਅ ਇਨਫੋਰਸਮੈਂਟ ਫੈਸਿਲਟੀ ਉਸਾਰਨ ਦਾ ਵਾਅਦਾ ਕੀਤਾ ਹੈ। ਯੂਨਾਈਟਡ ਸਰੀ ਦੀ ਜਨਤਕ ਸੁਰੱਖਿਆ ਯੋਜਨਾ ਚਾਰ ਪ੍ਰਸਤਾਵ ਪੇਸ਼ ਕਰਦੀ ਹੈ ਜਿਹੜੀ ਰਾਜਨੀਤੀ ਖੇਡਣ ਲਈ ਨਹੀਂ ਸਗੋਂ ਜਿੰਦਗੀਆਂ ਨੂੰ ਪ੍ਰਭਾਵਤ ਕਰਨ ਲਈ ਤਿਆਰ ਕੀਤੀ ਗਈ ਹੈ। ਧਾਲੀਵਾਲ ਦੀ ਅਗਵਾਈ ਵਾਲੀ ਸਿਵਿਕ ਇਲੈਕਸ਼ਨ ਸਲੇਟ ਦੀ ਚਾਰ ਸੂਤਰੀ ਯੋਜਨਾ ਵਿਚ ਸਰੀ 'ਚ ਇਕ ਲਾਅ ਇਨਫੋਰਸਮੈਂਟ ਟਰੇਨਿੰਗ ਫੈਸਿਲਟੀ ਦੀ ਉਸਾਰੀ ਲਈ ਜ਼ਮੀਨ ਦਾਨ ਕਰਨਾ, ਹਾਇਰਿੰਗ ਤੇ ਭਰਤੀ ਦੀਆਂ ਮੌਜੂਦਾ ਰੁਕਾਵਟਾਂ ਨੂੰ ਦੂਰ ਕਰਨਾ ਸ਼ਾਮਿਲ ਹੈ। ਸਲੇਟ ਇਕ ਤਿੰਨ ਪੱਧਰੀ ਪ੍ਰਣਾਲੀ ਨੂੰ ਪੇਸ਼ ਕਰਨ ਦਾ ਇਰਾਦਾ ਰੱਖਦੀ ਹੈ ਜਿਹੜੀ ਲਾਅ ਇਨਫੋਰਸਮੈਂਟ , ਮਾਨਸਿਕ ਸਿਹਤ ਪੇਸ਼ਾਵਰਾਂ ਤੇ ਬਾਈਲਾਅ ਅਫਸਰਾਂ ਦੇ ਸੁਮੇਲ ਦੀ ਬਿਹਤਰ ਵਰਤੋਂ ਕਰਕੇ ਸਮੇਂ ਸਿਰ ਅਤੇ ਢੁਕਵਾਂ ਨਾਗਰਿਕ ਰਿਸਪਾਂਸ ਦੀ ਗਰੰਟੀ ਦਿੰਦੀ ਹੈ। ਤੀਸਰੇ ਚੋਣ ਵਾਅਦੇ ਵਿਚ ਗੈਂਗ ਸਿੱਖਿਆ ਤੇ ਰੋਕਥਾਮ ਵਾਲੀਆਂ ਨੀਤੀਆਂ 'ਤੇ ਕੇਂਦਰਿਤ ਨੌਜਵਾਨਾਂ ਲਈ ਪਹੁੰਚ ਤੇ ਸਹਾਇਤਾ ਲਈ ਸੇਵਾਵਾਂ, ਸਹਿਯੋਗ, ਸਥਾਨਾਂ, ਫੰਡਿੰਗ ਤੇ ਜਵਾਬਦੇਹੀ ਲਈ ਇਕ ਨਵਾਂ ਸਿਟੀ ਹਾਲ ਯੂਥ ਹੱਬ ਬਣਾਉਣਾ ਸ਼ਾਮਿਲ ਹੈ।

# ਬੀਸੀ ਦੇ ਸਾਬਕਾ ਬਾਲ ਕਲਾਕਾਰ ਨੂੰ ਮਾਂ ਦੇ ਕਤਲ ਵਿਚ ਉਮਰ ਕੈਦ ਦੀ ਸਜ਼ਾ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਬਾਲ ਕਲਾਕਾਰ ਜਿਸ ਨੇ ਆਪਣੀ ਮਾਂ ਨੂੰ ਕਤਲ ਕਰਨ ਦਾ ਕਸੂਰ ਮੰਨ ਲਿਆ ਸੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਹ 14 ਸਾਲ ਤਕ ਜੇਲ੍ਹ ਤੋਂ ਪੈਰੋਲ 'ਤੇ ਬਾਹਰ ਨਹੀਂ ਆ ਸਕੇਗਾ। ਮਾਰਚ ਵਿਚ ਰਿਆਨ ਗ੍ਰੈਂਥਮ ਨੇ 31 ਮਾਰਚ 2020 ਨੂੰ 64 ਸਾਲਾ ਬਾਰਬਰਾ ਵੇਟ ਦੇ ਉਸ ਦੇ ਘਰ ਵਿਚ ਸੈਕਿੰਡ ਡਿਗਰੀ ਕਤਲ ਦੇ ਸਬੰਧ ਵਿਚ ਵੈਨਕੂਵਰ ਵਿਚ ਬੀਸੀ ਦੀ ਸੁਪਰੀਮ ਕੋਰਟ ਵਿਚ ਕਸੂਰਵਾਰ ਹੋਣ ਦੀ ਪਟੀਸ਼ਨ ਦਾਖਲ ਕੀਤੀ ਸੀ। ਗ੍ਰੈਂਥਮ ਖਿਲਾਫ ਪਹਿਲਾਂ ਪਹਿਲ ਫਸਟ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਸੀ। ਗ੍ਰੈਂਥਮ ਦੀ ਮਾਂ ਦੇ ਰਿਸ਼ਤੇਦਾਰ ਨੂੰ ਸਕੁਵਾਮਿਸ਼ ਵਿਚ ਗਾਵਰਨਮੈਂਟ ਰੋਡ 'ਤੇ ਟਾਊਨਹਾਊਸ ਕੰਪਲੈਕਸ ਵਿਚ ਉਸ ਦੇ ਘਰ ਉਸ ਦੀ ਲਾਸ਼ ਮਿਲੀ ਸੀ। ਬੀਸੀ ਦੀ ਸੁਪਰੀਮ ਕੋਰਟ ਦੇ ਜਸਟਿਸ ਕੈਥਲੀਨ ਕੇਰ ਨੇ ਸਜ਼ਾ ਸੁਣਾਈ। ਸੈਕਿੰਡ ਡਿਗਰੀ ਕਤਲ ਵਿਚ ਉਮਰ ਕੈਦ ਦੀ ਸਜ਼ਾ ਦੀ ਵਿਵਸਥਾ ਹੈ। 24 ਸਾਲਾ ਗ੍ਰੈਂਥਮ ਨੇ ਐਲੀਮੈਂਟਰੀ ਸਕੂਲ ਵਿਚ ਪੜ੍ਹਦਿਆਂ ਐਕਟਿੰਗ ਕੈਰੀਅਰ ਸ਼ੁਰੂ ਕੀਤਾ ਸੀ। ਉਸ ਨੇ ਟੀਵੀ ਸੋਅਜ਼ ਤੇ ਫਿਲਮਾਂ ਵਿਚ ਕੰਮ ਕਰਨ ਤੋਂ ਪਹਿਲਾਂ ਫਰਾਈਡ ਚਿਕਨ ਕਮਰਸ਼ੀਅਲ ਵਿਚ ਕੰਮ ਕੀਤਾ ਸੀ। ਫਿਲਮ ਇੰਡਸਟਰੀ ਦੀ ਵੈੱਬਸਾਈਟ ਕਹਿੰਦੀ ਹੈ ਕਿ ਉਸ ਨੇ ਤਿੰਨ ਟੈਲੀਵੀਜ਼ਨ ਸੋਅਜ਼ ਵਿਚ ਭੂਮਿਕਾਵਾਂ ਨਿਭਾਈਆਂ ਸਨ ਜਿਸ ਵਿਚ ਰਿਵਰਡੇਲ ਦਾ ਐਪੀਸੋਡ ਵੀ ਸ਼ਾਮਿਲ ਸੀ। ਗ੍ਰੈਂਥਮ 2012 ਵਿਚ ਬੀਕਮਿੰਗ ਰੈੱਡਵੁੱਡ ਫਿਲਮ ਵਿਚ ਕੰਮ ਕਰਨ ਬਦਲੇ ਸਰਬੋਤਮ ਅਦਾਕਾਰ ਵਜੋਂ ਲਿਓ ਪੁਰਸਕਾਰ ਲਈ ਵੀ ਨਾਮਜ਼ਦ ਕੀਤਾ ਗਿਆ ਸੀ।



# ਸਰੀ ਵਾਸੀ 2 ਕੂੜਾ ਕੇਂਦਰਾਂ ਵਿਚ ਸੁੱਟ ਸਕਣਗੇ ਮੁਫਤ ਵਿਚ ਕਬਾੜ

ਸਰੀ-ਸ਼ਹਿਰ ਦਾ ਡਿਸਪੋਜ਼ਲ ਡੇਜ਼' ਈਵੈਂਟ 2 ਅਕਤੂਬਰ ਤਕ ਪਹਿਲੇ 300 ਕਿਲੋ ਤਕ ਮੁਫਤ ਕੂੜਾ ਸੁੱਟਣ ਦੀ ਪੇਸ਼ਕਸ਼ ਕਰਦਾ ਹੈ। ਸਰੀ ਦੇ ਦੋ ਵੇਸਟ ਸੈਂਟਰ ਵਿਖੇ ਦੋ ਹਫਤੇ ਦੇ ਡਿਸਪੋਜ਼ਲ ਡੇਜ਼ ਪ੍ਰਚਾਰ ਮੁਫਤ ਕੂੜਾ ਸੁੱਟਣ ਦੀ ਪੇਸ਼ਕਸ਼ ਕਰ ਰਹੇ ਹਨ। 2 ਅਕਤੂਬਰ ਤਕ ਸਿਰਫ ਸਰੀ ਵਾਸੀ ਹੀ ਪ੍ਰਚਾਰ ਦੇ ਸਮੇਂ ਦੌਰਾਨ ਘਟਾਈਆਂ ਗਈਆਂ ਦਰਾਂ 'ਤੇ ਕੂੜਾ ਸੁੱਟਣ ਲਈ ਯੋਗ ਹਨ। ਸਿਟੀ ਆਫ ਸਰੀ-ਯੋਜਨਾਬੱਧ ਈਵੈਂਟ 6711 154ਸਟ੍ਰੀਟ ਈਸਟ ਨਿਊਟਨ ਵਿਚ 9 ਸਤੰਬਰ ਨੂੰ ਖੋਲ੍ਹੇ ਗਏ ਨਵੇਂ ਸੈਂਟਰਲ ਸਰੀ ਰੀਸਾਈਕਲਿੰਗ ਐਂਡ ਵੇਸਟ ਸੈਂਟਰ ਦਾ ਜਸ਼ਨ ਮਨਾ ਰਿਹਾ ਹੈ। ਮੈਟਰੋ ਵੈਨਕੂਵਰ ਵਲੋਂ ਚਲਾਈ ਜਾ ਰਹੀ 40 ਮਿਲੀਅਨ ਡਾਲਰ ਦੀ ਲਾਗਤ ਵਾਲੀ ਫੈਸਿਲਟੀ ਗੈਰਕਾਨੂੰਨੀ ਤੌਰ 'ਤੇ ਕਬਾੜ ਸੁੱਟਣ ਤੇ ਸਫਰ ਦੇ ਸਮਿਆਂ ਨੂੰ ਘਟਾਉਣ ਦੇ ਉਦੇਸ਼ਾਂ ਨਾਲ ਖੇਤਰ ਦੇ ਵਾਸੀਆਂ ਤੇ ਛੋਟੇ ਕਾਰੋਬਾਰੀਆਂ ਵਲੋਂ ਚਲਾਈਆਂ ਜਾਂਦੀਆਂ ਕਾਰਾਂ, ਪਿਕਅੱਪ ਅਤੇ ਵੈਨਾਂ ਲਈ ਤਿਆਰ ਕੀਤੀ ਗਈ ਹੈ। ਇਸ ਤੋਂ ਪਹਿਲਾਂ 9770 192 ਸਟ੍ਰੀਟ ਵਿਖੇ ਨੌਰਥ ਸਰੀ ਰੀਸਾਈਕਲਿੰਗ ਐਂਡ ਵੈਸਟ ਸੈਂਟਰ ਖੋਲ੍ਹਿਆ ਗਿਆ ਸੀ।


ਡੈਨਾਮਿਕ ਸਟਾਫਿੰਗ ਏਜੰਸੀ ਲਿਮਟਿਡ

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:

604-593-4224, 604-727-2421

ਸੰਪਾਦਕੀ

## ਮਿਊਂਸਪਲ ਚੋਣਾਂ

# ਸਿਆਸੀ ਕਸ਼ੀਦਗੀ ਅਤੇ ਕੁੜੱਤਣ ਭਰੇ ਮਾਹੌਲ ਦੇ ਸੰਕੇਤ ਚਿੰਤਾਜਨਕ

**ਸੁਖਵਿੰਦਰ ਸਿੰਘ ਚੋਹਲਾ**

ਬ੍ਰਿਟਿਸ਼ ਕੋਲੰਬੀਆ ਵਿਚ 15 ਅਕਤੂਬਰ ਨੂੰ ਹੋਣ ਜਾ ਰਹੀਆਂ ਮਿਊਂਸਪਲ ਚੋਣਾਂ ਲਈ ਸਰਗਰਮੀਆਂ ਆਪਣੀ ਸਿਖਰ ਵੱਲ ਵਧ ਰਹੀਆਂ ਹਨ। ਬੀਤੀ 30 ਅਗਸਤ ਤੋ 9 ਸਤੰਬਰ ਤੱਕ ਨਾਮਜ਼ਦਗੀਆਂ ਦੀ ਆਖਰੀ ਮਿਤੀ ਖਤਮ ਹੋਣ ਤੋ ਬਾਦ ਸੂਬੇ ਦੇ 37 ਸ਼ਹਿਰਾਂ ਦੇ ਮੇਅਰ ਬਿਨ੍ਹਾਂ ਮੁਕਾਬਲਾ ਜੇਤੂ ਕਰਾਰ ਦਿੱਤੇ ਗਏ ਹਨ? ਇਹਨਾਂ ਵਿਚ ਬਰਨਬੀ ਦਾ ਮੇਅਰ ਮਾਈਕ ਹਰਲੀ ਤੇ ਪੋਰਟ ਕੋਕੁਇਟਲਮ ਦਾ ਮੇਅਰ ਬਰੈਡ ਵੈਸਟ ਵੀ ਸ਼ਾਮਿਲ ਹਨ ਜੋ ਆਪਣੀ ਦੂਸਰੀ ਪਾਰੀ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਸ਼ਹਿਰ ਸਰੀ ਦੀ ਮਿਊਂਸਪਲ ਚੋਣ ਲਈ ਕੁਲ 84 ਉਮੀਦਵਾਰ ਚੋਣ ਮੈਦਾਨ ਵਿਚ ਹਨ? ਇਕ ਮੇਅਰ ਦੇ ਅਹੁਦੇ ਲਈ 8, ਕੌਂਸਲਰ ਲਈ 56 ਅਤੇ ਸਕੂਲ ਟਰੱਸਟੀ ਲਈ ਕੁਲ 20 ਉਮੀਦਵਾਰ ਆਪਣੀ ਕਿਸਮਤ ਅਜ਼ਮਾਈ ਕਰ ਰਹੇ ਹਨ? ਇਸ ਵਾਰ ਸਰੀ ਦੇ ਮੇਅਰ ਲਈ ਪੰਜਾਬੀ ਭਾਈਚਾਰੇ ਦੇ ਦੋ ਪ੍ਰਮੁੱਖ ਉਮੀਦਵਾਰਾਂ ਦੇ ਸ਼ਾਮਲ ਹੋਣ ਕਾਰਣ ਇਹ ਚੋਣ ਕਾਫੀ ਦਿਲਚਸਪ ਬਣ ਗਈ ਹੈ। ਪੰਜਾਬੀ ਭਾਈਚਾਰੇ ਵਿਚ ਹਰਮਨ ਪਿਆਰੇ ਆਗੂ ਵਜੋ ਸਥਾਪਿਤ ਮੌਜੂਦਾ ਮੇਅਰ ਡੱਗ ਮੈਕਲਮ ਤੋ ਇਲਾਵਾ 5 ਵਾਰ ਦੇ ਲਿਬਰਲ ਐਮ ਪੀ ਸੁੱਖ ਧਾਲੀਵਾਲ, ਐਮ ਐਲ ਏ ਤੇ ਸਾਬਕਾ ਮੰਤਰੀ ਜਿੰਨੀ ਸਿਮਸ, ਸਾਬਕਾ ਐਮ ਪੀ ਗੋਰਡੀ ਹੋਂਗ, ਬਾਗੀ ਕੌਂਸਲਰ ਬਰੇਂਡਾ ਲੌਕ ਤੋਂ ਇਲਾਵਾ ਸਮਾਜਿਕ ਕਾਰਕੁੰਨ ਅੰਮ੍ਰਿਤ ਬੜਿੰਗ, ਕੁਲਦੀਪ ਪੇਲੀਆ ਤੇ ਜੌਹਨ ਵੋਲੰਸਕੀ ਮੇਅਰ ਦੇ ਅਹੁਦੇ ਦੀ ਦੌੜ ਵਿਚ ਸ਼ਾਮਿਲ ਹਨ? ਇਨ੍ਹਾਂ ਵਿਚੋਂ ਪੇਲੀਆ ਤੇ ਵੋਲੰਸਕੀ ਆਜ਼ਾਦ ਉਮੀਦਵਾਰ ਹਨ? ਕੌਂਸਲਰ ਉਮੀਦਵਾਰਾਂ ਵਿਚ 9 ਆਜ਼ਾਦ ਉਮੀਦਵਾਰ ਬੇਨ ਆਰਕੈਂਡ, ਕੈਮ ਪਵਾਰ, ਕ੍ਰਿਸਟੋਫੇਰ ਕਿਨੀ, ਸੇਫ ਸਰੀ ਤੋ ਵੱਖ ਹੋਏ ਕੌਂਸਲਰ ਸਟੀਵਨ ਪੇਟੀਗਰਿਊ, ਮਨਜੀਤ ਸਿੰਘ ਸਹੋਤਾ, ਪ੍ਰੀਤ ਸੰਧੂ, ਰੀਨਾ ਗਿੱਲ ਅਤੇ ਮਿੰਗ ਜ਼ੋਂਗ ਕੌਂਸਲਰ ਬਣਨ ਦੀ ਦੌੜ ਵਿਚ ਸ਼ਾਮਿਲ ਹਨ? ਸਕੂਲ ਟਰੱਸਟੀਆਂ ਵਿਚ ਡਾ ਜਸਬੀਰ ਨਰਵਾਲ, ਦੁਪਿੰਦਰ ਸਰਾਂ ਤੋ ਇਲਾਵਾ ਪੰਜ ਆਜ਼ਾਦ ਉਮੀਦਵਾਰ ਐਡਾ ਕੈਨੋਨੀਗੋ, ਅਰਨੀ ਕੈਰੇਟੋ, ਜੈ ਪ੍ਰਤਾਪ ਦਿਓ, ਮੁਰਲੀ ਕ੍ਰਿਸ਼ਨਨ ਅਤੇ ਸੰਨੀ ਮਾਂਗਟ ਸਕੂਲ ਟਰੱਸਟੀ ਵਜੋਂ ਚੋਣ ਲੜ ਰਹੇ ਹਨ? ਬ੍ਰਿਟਿਸ਼ ਕੋਲੰਬੀਆ ਦੇ ਦੋ ਵੱਡੇ ਸ਼ਹਿਰਾਂ ਵੈਨਕੂਵਰ ਅਤੇ ਸਰੀ ਦੀਆਂ ਮਿਊਸਪਲ ਚੋਣਾਂ ਪ੍ਰਤੀ ਲੋਕ ਉਤਸ਼ਾਹ ਇਹਨਾਂ ਸ਼ਹਿਰਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਮੀਡੀਆ ਵਿਚ ਇਹਨਾਂ ਸ਼ਹਿਰਾਂ ਵਿਚ ਮੇਅਰ, ਕੌਂਸਲਰਾਂ ਦੇ ਨਾਲ ਸਥਾਪਿਤ ਆਗੂਆਂ ਦੀ ਅਗਵਾਈ ਵਾਲੀਆਂ ਸਲੇਟਾਂ ਨੂੰ ਗਹੁ ਨਾਲ ਵਾਚਿਆ ਜਾ ਰਿਹਾ ਹੈ। ਭਾਵੇਂਕਿ ਵੈਨਕੂਵਰ ਅਤੇ ਸਰੀ ਦੇ ਮੌਜੂਦਾ ਮੇਅਰ ਅਤੇ ਉਹਨਾਂ ਦੇ ਸਮਰਥਕਾਂ ਵੱਲੋ ਆਪਣਾ ਦਬਦਬਾ ਅਤੇ ਹਰਮਨ ਪਿਆਰਤਾ ਦੇ ਕਈ ਦਾਅਵੇ ਕੀਤੇ ਜਾ ਰਹੇ ਹਨ ਪਰ ਇਕ ਤਾਜ਼ਾ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਸਥਿਤੀ ਇਹਨਾਂ ਦਾਅਵਿਆਂ ਤੋ ਭਿੰਨ ਹੈ। ਪਿਛਲੇ ਚਾਰ ਸਾਲ ਸੱਤਾ ਦਾ ਸੁਖ ਭੋਗ ਰਹੇ ਆਗੂ ਭਾਵੇਂਕਿ ਲੋਕਾਂ ਨਾਲ ਕੀਤੇ ਵਾਅਦਿਆਂ ਦੀ ਪੂਰਤੀ ਅਤੇ ਨਵੇਂ ਵਿਕਾਸ ਕਾਰਜਾਂ ਨੂੰ ਲੈਕੇ ਲੋਕਾਂ ਵਿਚ ਜਾ ਰਹੇ ਹਨ ਪਰ ਸਰਵੇਖਣ ਵਿਚ ਖੁਲਾਸਾ ਹੈ ਕਿ ਬਹੁਗਿਣਤੀ ਲੋਕ ਮੌਜੂਦਾ ਪ੍ਰਾਸ਼ਸਨ ਦੀ ਕਾਰਗੁਜਾਰੀ ਤੋ ਬਹੁਤੇ ਖੁਸ਼ ਨਹੀ ਹਨ। ਪਹਿਲੀ ਤੋ 8 ਸਤੰਬਰ ਤੱਕ ਕਰਵਾਏ ਗਏ ਸਰਵੇਖਣ ਵਿਚ ਹਾਊਸਿੰਗ, ਗਰੀਬੀ, ਮਾਨਸਿਕ ਸਿਹਤ, ਪੁਲਿਸ ਪ੍ਰਬੰਧ, ਜਨਤਕ ਸੁਰੱਖਿਆ ਅਤੇ ਜੁਰਮ ਆਦਿ ਵਿਸ਼ਿਆ ਉਪਰ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਵੈਨਕੂਵਰ ਵਿਚ 48 ਤੇ ਸਰੀ ਵਿਚ 60 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਪਿਛਲੇ ਚਾਰ ਸਾਲਾਂ ਵਿਚ ਉਨ੍ਹਾਂ ਦੇ ਸ਼ਹਿਰਾਂ ਦੇ ਹਾਲਾਤ ਖਰਾਬ ਹੋਏ ਹਨ? ਸਰੀ ਦੇ 60 ਫ਼ੀਸਦੀ ਲੋਕਾਂ ਨੇ ਕੌਂਸਲ ਵੰਡ ਅਤੇ ਅੰਦਰੂਨੀ ਝਗੜਿਆਂ ਪ੍ਰਤੀ ਨਾਖੁਸ਼ੀ ਪ੍ਰਗਟ ਕੀਤੀ ਹੈ। ਅਜਿਹੇ ਹਾਲਾਤ ਦਰਮਿਆਨ ਸਰੀ ਦੇ ਮਿਉਂਸਪਲ ਨੇਤਾਵਾਂ ਦੀ ਹਰਮਨ ਪਿਆਰਤਾ ਦੀ ਰੇਟਿੰਗ ਸੂਬੇ ਵਿਚ ਸਭ ਤੋਂ ਘੱਟ ਆਂਕੀ ਗਈ ਹੈ? ਵੈਨਕੂਵਰ ਦੇ ਕੇਵਲ 29 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ 2018 ਤੋਂ ਮੇਅਰ ਚਲੇ ਆ ਰਹੇ ਕੈਨੇਡੀ ਸਟੀਵਰਟ ਦੀ ਕਾਰਗੁਜ਼ਾਰੀ ਨੂੰ ਪ੍ਰਵਾਨਗੀ ਦਿੰਦੇ ਹਨ ਜਦਕਿ 27 ਫ਼ੀਸਦੀ ਨੇ ਮੈਕਲਮ ਨੂੰ ਪ੍ਰਵਾਨਗੀ ਦਿੱਤੀ ਹੈ? ਦੋਵਾਂ ਸ਼ਹਿਰਾਂ ਵਿਚ ਕੌਂਸਲ ਦੀ ਪ੍ਰਵਾਨਗੀ 30 ਫ਼ੀਸਦੀ ਦੇ ਆਲੇ ਦੁਆਲੇ ਰਹੀ ਹੈ ਜਦੋਂਕਿ ਇਸਦੇ ਮੁਕਾਬਲਤਨ ਬਰਨਬੀ ਵਿਚ ਮੇਅਰ ਮਾਈਕ ਹਰਲੀ ਦੀ ਪ੍ਰਵਾਨਗੀ ਦੀ ਦਰ 62 ਫ਼ੀਸਦੀ ਅਤੇ ਕੋਕੁਇਟਲਮ ਵਿਚ ਮੌਜੂਦਾ ਮੇਅਰ ਰਿਚਰਡ ਸਟੀਵਰਟ ਲਈ ਪ੍ਰਵਾਨਗੀ ਦੀ ਦਰ 69 ਫ਼ੀਸਦੀ ਰਹੀ ਹੈ? ਸਰੀ ਵਿਚ ਮੇਅਰ ਡੱਗ ਮੈਕਲਮ ਅਤੇ ਉਹਨਾਂ ਦੀ ਸਲੇਟ ਵਲੋਂ ਭਾਵੇਂਕਿ ਕੀਤੇ ਵਾਅਦਿਆਂ ਦੀ ਪੂਰਤੀ ਅਤੇ ਸ਼ਹਿਰ ਨੂੰ ਕੈਨੇਡਾ ਚੋ ਮੋਹਰੀ ਬਣਾਉਣ ਦੇ ਦਾਅਵਿਆਂ ਦਰਮਿਆਨ ਲੈਂਡ ਮਾਫੀਆ ਨਾਲ ਨੇੜਤਾ ਦੇ ਦੋਸ਼ਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋ ਪਹਿਲਾਂ ਸੇਫ ਸਰੀ ਕੋਲੀਸ਼ਨ ਦੇ ਦੋ ਕੌਂਸਲਰ ਬਰੈਂਡਾ ਲੌਕ ਅਤੇ ਜੈਕ ਹੁੰਦਲ ਮਿਊਂਸਪਲ ਪੁਲਿਸ ਬਨਾਮ ਆਰ ਸੀ ਐਮ ਪੀ ਦੇ ਮੁੱਦੇ ਉਪਰ ਪਹਿਲਾਂ ਹੀ ਵੱਖ ਹੋ ਚੁੱਕੇ ਹਨ। ਕੌਂਸਲਰ ਜੈਕ ਹੁੰਦਲ ਨੇ ਤਾਂ ਭਾਵੇਂ ਦੁਬਾਰਾ ਚੋਣ ਲੜਨ ਤੋ ਤੌਬਾ ਕਰ ਲਈ ਹੈ ਪਰ ਇਸ ਸਮੇਂ ਬਰੈਂਡਾ ਲੌਕ ਮੇਅਰ ਡੱਗ ਮੈਕੱਲਮ ਮੂਹਰੇ ਸਰੀ ਕੁਨੈਕਟ ਦੀ ਨਵੀ ਪੂਰੀ ਸਲੇਟ ਨਾਲ ਡਟ ਗਈ ਹੈ। ਆਰ ਸੀ ਐਮ ਪੀ ਨੂੰ ਸਰੀ ਵਿਚ ਰੱਖਣ ਦੇ ਪੱਖ ਵਿਚ ਮੁਹਿੰਮ ਚਲਾਉਣ ਵਾਲੇ ਲੋਕਾਂ ਵਲੋ ਉਸਦੇ ਸਮਰਥਨ ਵਿਚ ਆਉਣ ਨਾਲ ਇਹਨਾਂ ਚੋਣਾਂ ਵਿਚ ਮਿਊਂਸਪਲ ਪੁਲਿਸ ਬਨਾਮ ਆਰ ਸੀ ਐਮ ਪੀ ਮੁੜ ਇਕ ਵੱਡਾ ਮੁੱਦਾ ਹੈ। ਮੇਅਰ ਡੱਗ ਮੈਕੱਲਮ ਵਲੋ ਸਰੀ ਵਿਚ 60,000 ਸੀਟਾਂ ਵਾਲਾ ਕੈਨੇਡਾ ਦਾ ਸਭ ਤੋ ਵੱਡਾ ਸਟੇਡੀਅਮ ਬਣਾਉਣ ਦੇ ਮੁੱਦੇ ਉਪਰ ਘੇਰਨ ਵਾਲੀ ਸਰੀ ਫਾਰਵਰਡ ਸਲੇਟ ਦੀ ਆਗੂ ਜਿੰਨੀ ਸਿਮਜ ਦੇ ਨਾਲ ਸਰੀ ਯੁਨਾਈਟਡ ਦੇ ਆਗੂ ਸੁੱਖ ਧਾਲੀਵਾਲ ਤੇ ਸਰੀ ਫਸਟ ਦੇ ਆਗੂ ਗੋਰਡੀ ਹੋਂਗ ਮੇਅਰ ਡੱਗ ਮੈਕੱਲਮ ਖਿਲਾਫ ਘੇਰਾ ਤੰਗ ਕਰਦੇ ਦਿਖਾਈ ਦੇ ਰਹੇ ਹਨ ਪਰ ਇਸ ਦੌਰਾਨ ਸਰੀ ਯੁਨਾਈਟਡ ਦੇ ਸੁੱਖ ਧਾਲੀਵਾਲ ਵਲੋ ਮੇਅਰ ਡੱਗ ਮੈਕਲਮ ਅਤੇ ਉਹਨਾਂ ਦੀ ਟੀਮ ਖਿਲਾਫ ਸਿਟੀ ਹਾਲ ਵਿਚ ਭ੍ਰਿਸ਼ਟਾਚਾਰ ਅਤੇ ਲੈਂਡ ਮਾਫੀਆ ਨਾਲ ਭਿਆਲੀ ਦੇ ਜੋ ਦੋਸ਼ ਲਗਾਏ ਜਾ ਰਹੇ ਹਨ, ਉਹ ਕਾਫੀ ਗੰਭੀਰ ਹਨ। ਜ਼ਿਕਰਯੋਗ ਹੈ ਕਿ ਪਿਛਲੀਆਂ 2018 ਦੀਆਂ ਮਿਊਂਸਪਲ ਚੋਣਾਂ ਦੌਰਾਨ ਮੇਅਰ ਉਮੀਦਵਾਰ ਟੌਮ ਗਿੱਲ ਨੂੰ ਵੀ ਅਜਿਹੇ ਹੀ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਸੀ। ਇਹਨਾਂ ਦੋਸ਼ਾਂ ਦੇ ਚਲਦਿਆਂ ਹੀ ਪੰਜਾਬੀ ਵੋਟਰਾਂ ਨੇ ਆਪਣੇ ਭਾਈਚਾਰੇ ਦੇ ਮੇਅਰ ਉਮੀਦਵਾਰ ਦੀ ਥਾਂ ਡੱਗ ਮੈਕੱਲਮ ਨੂੰ ਭਰਵਾਂ ਸਮਰਥਨ ਦੇਣ ਦਾ ਫੈਸਲਾ ਲਿਆ ਸੀ। ਸਿਆਸੀ ਵਿਸ਼ਲੇਸ਼ਕਾਂ ਮੁਤਾਬਿਕ ਸੁੱਖ ਧਾਲੀਵਾਲ ਵਲੋ ਮੌਜੂਦਾ ਮੇਅਰ ਖਿਲਾਫ ਭ੍ਰਿਸ਼ਟਾਚਾਰ ਤੇ ਲੈਂਡ ਮਾਫੀਆ ਨਾਲ ਰਲੇ ਹੋਣ ਦੇ ਖੁੱਲੇਆਮ ਲਗਾਏ ਜਾ ਰਹੇ ਦੋਸ਼ ਡੱਗ ਮੈਕੱਲਮ ਦੀ ਮੁਹਿੰਮ ਨੂੰ ਪ੍ਰਭਾਵਿਤ ਤਾਂ ਕਰਦੇ ਹੀ ਹਨ ਨਾਲ ਹੀ ਸਰੀ ਦਾ ਚੋਣ ਮਾਹੌਲ ਵੀ ਕਸ਼ੀਦਗੀ ਭਰਿਆ ਹੋਣ ਦੇ ਆਸਾਰ ਹਨ। ਭਾਈਚਾਰੇ ਨੂੰ ਅਜਿਹੀ ਕਸ਼ੀਦਗੀ ਤੇ ਕੁੜੱਤਣ ਭਰੇ ਮਾਹੌਲ ਤੋ ਸੁਚੇਤ ਰਹਿਣ ਦੀ ਲੋੜ ਹੈ। ਯਾਦ ਰਹੇ ਸਰੀ ਵਿਚ ਡਰੱਗ ਅਤੇ ਗੈਂਗਜ਼ ਸਰਗਰਮੀਆਂ ਕਾਰਣ ਪਹਿਲਾਂ ਹੀ ਸ਼ਾਂਤੀ ਪਸੰਦ ਲੋਕ ਤੇ ਨਵੀ ਪੀੜੀ ਦੇ ਬੱਚੇ ਸਰੀ ਤੋ ਬਾਹਰ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਮੇਅਰ ਡੱਗ ਮੈਕੱਲਮ ਦੇ ਲੈਂਡ ਮਾਫੀਆ ਨਾਲ ਰਲੇ ਹੋਣ ਦੇ ਦੋਸ਼ਾਂ ਦੀ ਸੱਚਾਈ ਕੀ ਹੈ, ਫੈਸਲਾ ਵੋਟਰਾਂ ਦੇ ਹੱਥ ਹੈ ਪਰ ਚੋਣਾਂ ਵਿਚ ਅਜਿਹੀ ਕਸ਼ੀਦਗੀ ਤੇ ਕੁੜਤਣ ਭਰੇ ਮਾਹੌਲ ਤੋਂ ਸ਼ਹਿਰ ਨੂੰ ਬਚਾਉਣਾ ਸ਼ਾਂਤੀ ਪਸੰਦ ਸ਼ਹਿਰੀਆਂ ਦੀ ਚਿੰਤਾ ਵਿਚ ਸ਼ਾਮਿਲ ਹੈ




UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

ਭਗਵੰਤ ਮਾਨ ਨੂੰ ਜਹਾਜ਼ 'ਚੋਂ ਉਤਾਰੇ ਜਾਣ ਦਾ ਮਾਮਲਾ

# ਹਵਾਬਾਜ਼ੀ ਮੰਤਰੀ ਸਿੰਧੀਆ ਵੱਲੋਂ ਮਾਮਲੇ ਦੀ ਜਾਂਚ ਕਰਵਾਉਣ ਦਾ ਐਲਾਨ



ਨਵੀ ਦਿੱਲੀ-ਕੇਂਦਰੀ ਹਵਾਬਾਜ਼ੀ ਬਾਰੇ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਸ਼ਰਾਬੀ' ਹੋਣ ਕਾਰਨ ਹਵਾਈ ਜਹਾਜ਼ ਵਿਚੋਂ ਲਾਹ ਦਿੱਤੇ ਜਾਣ ਦੇ ਦੋਸ਼ਾਂ ਦੀ ਜਾਂਚ ਕੀਤੀ ਜਾਵੇਗੀ। ਵਿਰੋਧੀ ਧਿਰ ਨੇ ਮਾਨ ਨੂੰ ਨਿਸ਼ਾਨਾ ਬਣਾਉਂਦਿਆਂ ਦੋਸ਼ ਲਾਏ ਸਨ ਕਿ ਮੁੱਖ ਮੰਤਰੀ ਨੂੰ ਦਿੱਲੀ ਆ ਰਹੇ ਜਹਾਜ਼ ਵਿਚੋਂ ਫਰੈਂਕਫਰਟ ਹਵਾਈ ਅੱਡੇ 'ਤੇ ਇਸ ਲਈ ਉਤਾਰ ਦਿੱਤਾ ਗਿਆ ਕਿਉਂਕਿ ਉਹ ਸ਼ਰਾਬ ਦੇ ਨਸ਼ੇ ਵਿਚ ਸਨ। ਜਦਕਿ ਪੰਜਾਬ ਦੀ ਸੱਤਾਧਾਰੀ ਪਾਰਟੀ 'ਆਪ' ਨੇ ਦੋਸ਼ ਖਾਰਜ ਕਰ ਦਿੱਤੇ ਸਨ। ਮੰਤਰੀ ਨੇ ਕਿਹਾ ਕਿ ਤੱਥਾਂ ਦੀ ਪੁਸ਼ਟੀ ਕੀਤੀ ਜਾਣੀ ਜ਼ਰੂਰੀ ਹੈ। ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਇਸ ਬਾਰੇ ਸਿੰਧੀਆ ਨੂੰ ਪੱਤਰ ਲਿਖਿਆ ਹੈ ਤੇ ਮਾਮਲੇ ਦੀ ਜਾਂਚ ਮੰਗੀ ਹੈ। ਸਿੰਧੀਆ ਨੇ ਕਿਹਾ, 'ਇਹ ਘਟਨਾ ਵਿਦੇਸ਼ੀ ਧਰਤੀ ਉਤੇ ਵਾਪਰੀ ਹੈ। ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਅਸੀਂ ਤੱਥਾਂ ਦੀ ਜਾਂਚ ਕਰੀਏ। ਇਹ ਲੁਫ਼ਥਾਂਜ਼ਾ ਏਅਰਲਾਈਨ ਉਤੇ ਹੈ ਕਿ ਉਹ ਡੇਟਾ ਦਿੰਦੇ ਹਨ ਜਾਂ ਨਹੀਂ। ਫਿਲਹਾਲ ਸਾਨੂੰ ਜਿਹੜਾ ਪੱਤਰ ਮਿਲਿਆ ਹੈ, ਅਸੀਂ ਜ਼ਰੂਰ ਉਸ ਮੁਤਾਬਕ ਪੁਸ਼ਟੀ ਕਰਾਂਗੇ।' ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਦੋਸ਼ ਲਾਇਆ ਹੈ ਕਿ ਮਾਨ ਨੂੰ 'ਸ਼ਰਾਬੀ' ਹੋਣ ਕਾਰਨ ਲਫਥਾਂਜ਼ਾ ਨੇ ਜਹਾਜ਼ ਚੋਂ ਲਾਹ ਦਿੱਤਾ ਸੀ।

# ਐਨ ਆਈ ਏ ਵੱਲੋਂ ਨਿੱਝਰ ਉਪਰੰਤ ਹੁਣ ਮੁਲਤਾਨੀ ਉਪਰ 10 ਲੱਖ ਦਾ ਇਨਾਮ

ਨਵੀ ਦਿੱਲੀ-ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਬੁੜੈਲ ਜੇਲ੍ਹ 'ਚੋਂ ਅਤਿਵਾਦੀਆਂ ਨੂੰ ਛੁਡਾਉਣ ਦੀ ਕੋਸ਼ਿਸ਼ ਦੇ ਕੇਸ ਵਿੱਚ ਜਰਮਨੀ ਅਧਾਰਿਤ ਅਤਿਵਾਦੀ ਜਸਵਿੰਦਰ ਸਿੰਘ ਮੁਲਤਾਨੀ ਦੀ ਸੂਚਨਾ ਵਾਲੇ ਨੂੰ 10 ਲੱਖ ਰੁਪਏ ਦਾ ਇਨਾਮ ਐਲਾਨ ਦੇਣ ਦਾ ਐਲਾਨ ਕੀਤਾ ਹੈ। ਚੰਡੀਗੜ੍ਹ ਵਿੱਚ ਬੁੜੈਲ ਜੇਲ੍ਹ ਦੀ ਕੰਧ ਨੂੰ ਉਡਾ ਕੇ ਅਤਿਵਾਦੀਆਂ ਜਗਤਾਰ ਸਿੰਘ ਹਵਾਰਾ ਅਤੇ ਜਗਤਾਰ ਸਿੰਘ ਤਾਰਾ ਨੂੰ ਛੁਡਾਉਣ ਦੀ ਕੋਸ਼ਿਸ਼ ਮਾਮਲੇ ਦੀ ਜਾਂਚ ਐੱਨਆਈਏ ਨੂੰ ਸੌਂਪੀ ਗਈ ਸੀ। ਐੱਨਆਈਏ ਨੇ ਕੈਨੇਡਾ ਅਧਾਰਿਤ ਅਤਿਵਾਦੀ ਹਰਦੀਪ ਨਿੱਝਰ ਦੀ ਸੂਚਨਾ ਦੇਣ ਵਾਲੇ ਨੂੰ ਵੀ 10 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ। ਉਹ ਪਿਛਲੇ ਵਰ੍ਹੇ ਪੰਜਾਬ ਦੇ ਫਿਲੌਰ ਵਿੱਚ ਪੁਜਾਰੀ ਦੀ ਹੱਤਿਆ ਕੇਸ ਵਿੱਚ ਮੁਲਜ਼ਮ ਹੈ।

# ਕੁਆਂਟਲਨ ਪਾਲੀਟੈਕਨਿਕ ਯੂਨੀਵਰਸਿਟੀ ਨਵੇਂ ਵਿਦਿਆਰਥੀਆਂ ਨੂੰ ਕੈਨੇਡਾ ਦੇ ਕਾਨੂੰਨਾਂ ਬਾਰੇ ਦੇਵੇਗੀ ਵਿਸਥਾਰਪੂਰਵਕ ਜਾਣਕਾਰੀ

ਸਰੀ (ਸੰਦੀਪ ਸਿੰਘ ਧੰਜੂ)-ਪਿਛਲੇ ਦਿਨੀਂ ਸਰੀ ਵਿੱਚ ਸਟੱਡੀ ਪਰਮਿਟ ਅਤੇ ਵਿਜਟਰ ਵੀਜਾ ਤੇ ਆਏ ਕੁਝ ਪੰਜਾਬੀ ਨੌਜਵਾਨਾਂ ਵੱਲੋਂ ਇਕ ਪੁਲਿਸ ਅਫਸਰ ਨੂੰ ਘੇਰ ਕੇ ਹੁੱਲੜਬਾਜੀ ਕਰਨ ਦੀ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਜਿਥੇ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਉਥੇ ਪੰਜਾਬੀ ਵਿਦਿਆਰਥੀਆ ਵੱਲੋਂ ਇਕ ਪਹਿਲ ਕਰਦਿਆਂ ਪੁਲਿਸ ਨਾਲ ਤਾਲ ਮੇਲ ਬਣਾ ਕੇ ਕੈਨੇਡਾ ਵਿਚ ਨਵੇਂ ਆ ਰਹੇ ਵਿਦਿਆਰਥੀਆਂ ਨੂੰ ਕੈਨੇਡਾ ਦੇ ਕਾਨੂੰਨ ਬਾਰੇ ਮੁਢਲੀ ਜਾਣਕਾਰੀ ਦੇ ਕੇ ਇਥੋਂ ਦੇ ਕਾਨੂੰਨ ਪ੍ਰਤੀ ਜਾਗਰੂਕ ਕਰਨ ਦੀ ਵਿਵਸਥਾ ਕੀਤੀ। ਸਥਾਨਕ ਕੁਆਂਟਲਨ ਪਾਲੀਟੈਕਨਿਕ ਯੂਨੀਵਰਸਿਟੀ ਦੀ ਕੁਆਂਟਲਨ ਸਟੂਡੈਂਟਸ ਐਸੋਸੀਏਸ਼ਨ ਦੇ ਵਿਦਿਆਰਥੀ ਆਗੂਆਂ ਨੇ ਦੱਸਿਆ ਕਿ ਭਾਰੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਕੈਨੇਡਾ ਆ ਰਹੇ ਹਨ ਪਰ ਨਵੇਂ ਦੇਸ਼ ਦੇ ਸਿਸਟਮ ਬਾਰੇ ਜਿਆਦਾ ਜਾਨਕਾਰੀ ਨਾ ਹੋਣ ਕਾਰਨ ਕੁਝ ਸ਼ਰਾਰਤੀ ਨੌਜਵਾਨ ਥਾ ਥਾਂ ਉਤੇ ਕੈਨੇਡਾ ਦੇ ਕਾਨੂੰਨ ਦੀ ਉਲੰਘਣਾ ਕਰਦੇ ਹਨ ਅਤੇ ਨਤੀਜੇ ਵਜੋਂ ਸਾਰੇ ਪੰਜਾਬੀ ਭਾਈਚਾਰੇ ਦਾ ਅਕਸ ਖਰਾਬ ਹੁੰਦਾ ਹੈ ਅਤੇ ਇਨਾ ਗਲਤੀਆਂ ਕਾਰਨ ਕਿਸੇ ਨਾ ਕਿਸੇ ਰੂਪ ਵਿੱਚ ਬਾਕੀਆਂ ਨੂੰ ਵੀ ਖਮਿਆਜਾ ਉਠਾਉਣਾ ਪੈਂਦਾ ਹੈ। ਇਸ ਸਮੇਂ ਸਾਰਜੈਂਟ ਜੈਸ ਜੌਹਲ ਨੇ ਐਮਰਜੰਸੀ ਵੇਲੇ ਪੁਲਿਸ ਨਾਲ ਸੰਪਰਕ ਕਰਨ ਦੇ ਤਰੀਕੇ ਦੱਸਦਿਆਂ ਕਿਹਾ ਕਿ ਇਥੋਂ ਦੇ ਸਿਸਟਮ ਦੀ ਪੂਰੀ ਸਮਝ ਨਾ ਹੋਣ ਕਰਕੇ ਹੀ ਬਹੁਤੇ ਵਿਦਿਆਰਥੀ ਕੈਨੇਡਾ ਵਿੱਚ ਆਪਣਾ ਭਵਿੱਖ ਖਰਾਬ ਕਰ ਬੈਠਦੇ ਹਨ। ਨਸ਼ਿਆਂ ਦੀ ਦਲਦਲ ਵਿੱਚ ਫਸੇ ਬਹੁਤੇ ਵਿਦਿਆਰਥੀ ਵੀ ਸਮਾਂ ਰਹਿੰਦਿਆਂ ਗਲਤ ਅਨਸਰਾਂ ਦੇ ਹੱਥ ਚੜ ਜਾਂਦੇ ਹਨ। ਵਰਣਨਯੋਗ ਹੈ ਕਿ ਸਰੀ ਦੇ ਸਟਰਾਬਰੀ ਇਲਾਕੇ ਵਿੱਚ ਪੁਲਿਸ ਅਫਸਰ ਵੱਲੋਂ ਇਕ ਵਿਦਿਆਰਥੀ ਦੀ ਕਾਰ ਦੀ ਜਾਂਚ ਦੌਰਾਨ ਪੰਜਾਬੀ ਨੌਜਵਾਨਾਂ ਦੇ ਇਕੱਠ ਨੇ ਕਾਰਵਾਈ ਵਿੱਚ ਵਿਘਨ ਪਾਇਆ ਸੀ ਅਤੇ ਅਫਸਰ ਨਾਲ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ ਜਿਸ ਕਾਰਨ ਉਸ ਨੂੰ ਆਪਣੀ ਡਿਊਟੀ ਛੱਡ ਕੇ ਮੌਕੇ ਤੋਂ ਭੱਜਣਾ ਪਿਆ ਸੀ।

# ਕਾਂਗਰਸ ਪ੍ਰਧਾਨ ਦੀ ਚੋਣ ਲਈ ਨੋਟੀਫਿਕੇਸ਼ਨ ਜਾਰੀ-ਪ੍ਰਧਾਨਗੀ ਲਈ ਕਈ ਦਾਅਵੇਦਾਰ ਸਾਹਮਣੇ ਆਏ

ਨਵੀਂ ਦਿੱਲੀ-ਕਾਂਗਰਸ ਪ੍ਰਧਾਨ ਦੇ ਅਹੁਦੇ ਦੀ ਚੋਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ। ਇਸ ਨਾਲ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਦੇ ਮੁਖੀ ਦੀ ਚੋਣ ਪ੍ਰਕਿਰਿਆ ਸ਼ੁਰੂ ਹੋ ਗਈ। ਇਹ ਨੋਟੀਫਿਕੇਸ਼ਨ ਪਾਰਟੀ ਦੇ ਸੀਨੀਅਰ ਆਗੂ ਮਧੂਸੂਦਨ ਮਿਸਤਰੀ ਦੀ ਅਗਵਾਈ ਵਾਲੀ ਕੇਂਦਰੀ ਚੋਣ ਅਥਾਰਟੀ ਨੇ ਜਾਰੀ ਕੀਤਾ। ਕਾਂਗਰਸ ਪ੍ਰਧਾਨ ਦੀ ਚੋਣ ਲਈ ਨਾਮਜ਼ਦਗੀਆਂ ਭਰਨ ਦੀ ਪ੍ਰਕਿਰਿਆ 24 ਤੋਂ 30 ਸਤੰਬਰ ਤੱਕ ਚੱਲੇਗੀ। ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 8 ਅਕਤੂਬਰ ਹੈ। ਇੱਕ ਤੋਂ ਵੱਧ ਉਮੀਦਵਾਰ ਹੋਣ ਦੀ ਸੂਰਤ ਵਿੱਚ 17 ਅਕਤੂਬਰ ਨੂੰ ਵੋਟਿੰਗ ਹੋਵੇਗੀ ਅਤੇ 19 ਅਕਤੂਬਰ ਨੂੰ ਨਤੀਜੇ ਐਲਾਨੇ ਜਾਣਗੇ। ਕਈ ਦਾਅਵੇਦਾਰ ਬਣੇ-ਕਾਂਗਰਸ ਪ੍ਰਧਾਨ ਦੇ ਅਹੁਦੇ ਦੀ ਚੋਣ ਲਈ ਦਾਅਵੇਦਾਰ ਵਧ ਰਹੇ ਹਨ। ਪਹਿਲਾਂ ਰਾਹੁਲ ਗਾਂਧੀ ਦੇ ਪ੍ਰਧਾਨ ਬਣਨ ਦੇ ਚਰਚੇ ਸਨ ਪਰ ਸ਼ਸ਼ੀ ਥਰੂਰ ਤੇ ਅਸ਼ੋਕ ਗਹਿਲੋਤ ਦੇ ਚੋਣ ਮੈਦਾਨ ਵਿਚ ਨਿਤਰਨ ਤੋਂ ਬਾਅਦ ਵੀ ਚੋਣ ਲੜਨ ਦੇ ਦਾਅਵੇਦਾਰਾਂ ਦੀ ਗਿਣਤੀ ਵਧ ਰਹੀ ਹੈ। ਇਨ੍ਹਾਂ ਤੋਂ ਇਲਾਵਾ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ, ਦਿੱਗਵਿਜੈ ਸਿੰਘ ਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਵੀ ਦੌੜ ਵਿਚ ਆ ਗਏ ਹਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਦਿੱਗਵਿਜੈ ਸਿੰਘ ਸੋਨੀਆ ਗਾਂਧੀ ਨਾਲ ਮੁਲਾਕਾਤ ਕਰਨਗੇ।

# ਗਿਆਨੀ ਕੇਵਲ ਸਿੰਘ ਨੂੰ ਮੈਟਰੋ 'ਚ ਰੋਕੇ ਜਾਣ ਤੇ ਜਵਾਬ ਤਲਬੀ




ਅੰਮ੍ਰਿਤਸਰ-ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੂੰ ਦਿੱਲੀ ਦੀ ਮੈਟਰੋ ਰੇਲ ਵਿੱਚ ਕਿਰਪਾਨ ਸਮੇਤ ਸਫ਼ਰ ਕਰਨ ਤੋਂ ਰੋਕੇ ਜਾਣ ਦੇ ਮਾਮਲੇ ਵਿੱਚ ਕੌਮੀ ਘੱਟ ਗਿਣਤੀ ਕਮਿਸ਼ਨ ਨੇ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਕੋਲੋਂ ਜਵਾਬ ਮੰਗਿਆ ਹੈ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੂੰ 8 ਸਤੰਬਰ ਸ਼ਾਮ ਸਾਢੇ ਚਾਰ ਵਜੇ ਦੁਆਰਕਾ ਮੈਟਰੋ ਸਟੇਸ਼ਨ 'ਤੇ ਕਿਰਪਾਨ ਸਮੇਤ ਸਫ਼ਰ ਕਰਨ ਤੋਂ ਰੋਕਿਆ ਗਿਆ ਸੀ। ਸਾਬਕਾ ਜਥੇਦਾਰ ਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਇਸ ਮਾਮਲੇ ਵਿੱਚ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਉਨ੍ਹਾਂ ਇਸ ਸਬੰਧ ਵਿਚ ਦਿੱਲੀ ਸਰਕਾਰ ਦੇ ਸਬੰਧਤ ਵਿਭਾਗ ਨੂੰ ਵੀ ਸ਼ਿਕਾਇਤ ਕੀਤੀ ਸੀ। ਇਸ ਮਾਮਲੇ ਦਾ ਨੋਟਿਸ ਲੈਂਦਿਆਂ ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਦਿੱਲੀ ਮੈਟਰੋ ਰੇਲ ਨਿਗਮ ਦੇ ਐੱਮਡੀ ਕੋਲੋਂ ਇਸ 27 ਸਤੰਬਰ ਤੱਕ ਜਵਾਬ ਮੰਗਿਆ ਹੈ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਕਿਹਾ ਕਿ ਸੰਗਠਨ ਵੱਲੋਂ ਸੂਬਾ ਪੱਧਰੀ ਰੋਸ ਵਿਖਾਵੇ ਕੀਤੇ ਜਾਣਗੇ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਫੋਰਟਿਸ ਹੈਲਥ ਕੇਅਰ ਮਾਮਲੇ ਚ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਨੂੰ ਛੇ ਮਹੀਨੇ ਕੈਦ ਦੀ ਸਜ਼ਾ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਫੋਰਟਿਸ ਹੈਲਥਕੇਅਰ ਲਿਮਟਿਡ ਦੇ ਸਾਬਕਾ ਪ੍ਰਮੋਟਰਾਂ ਮਾਲਵਿੰਦਰ ਸਿੰਘ ਅਤੇ ਸ਼ਿਵਇੰਦਰ ਸਿੰਘ ਨੂੰ ਛੇ ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ। ਚੀਫ ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੇ ਬੈਂਚ ਨੇ ਦੋਵਾਂ ਨੂੰ ਇਹ ਸਜ਼ਾ ਫੋਰਟਿਸ ਦੇ ਸ਼ੇਅਰ ਮਲੇਸ਼ੀਆ ਅਧਾਰਿਤ ਆਈਐੱਚਐੱਚ ਹੈਲਥਕੇਅਰ ਨੂੰ ਵੇਚਣ ਸਬੰਧੀ ਇੱਕ ਕੇਸ ਵਿੱਚ ਸੁਣਾਈ ਹੈ। ਇਸ ਤੋਂ ਪਹਿਲਾਂ ਦੋਵਾਂ ਨੂੰ ਅਦਾਲਤ ਦੀ ਤੌਹੀਨ ਦਾ ਦੋਸ਼ੀ ਵੀ ਠਹਿਰਾਇਆ ਗਿਆ ਸੀ। ਸੁਪਰੀਮ ਕੋਰਟ ਨੇ ਫੋਰਟਿਸ ਹੈਲਥਕੇਅਰ ਲਿਮਟਿਡ ਦੇ ਸ਼ੇਅਰ ਵੇਚਣ ਦੀ ਫੋਰੈਂਸਿਕ ਜਾਂਚ ਦੇ ਹੁਕਮ ਵੀ ਦਿੱਤੇ ਹਨ। ਦੱਸਣਯੋਗ ਹੈ ਕਿ ਫੋਰਟਿਸ ਹੈਲਥਕੇਅਰ ਲਿਮਟਿਡ ਦੇ ਸਾਬਕਾ ਪ੍ਰਮੋਟਰ ਜਾਪਾਨ ਦੀ ਕੰਪਨੀ ਡਾਇਚੀ ਸਾਂਕਯੋ ਨੇ ਫੋਰਟਿਸ-ਆਈਐੱਚਐੱਚ ਕਰਾਰ ਨੂੰ ਚੁਣੌਤੀ ਦਿੱਤੇ ਜਾਣ ਮਗਰੋਂ ਅਦਾਲਤੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ।



# ਕੈਪਟਨ ਅਮਰਿੰਦਰ ਸਿੰਘ ਸਾਥੀਆਂ ਸਮੇਤ ਭਾਜਪਾ ਵਿਚ ਸ਼ਾਮਿਲ

ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਜ ਕੇਂਦਰੀ ਮੰਤਰੀਆਂ ਨਰੇਂਦਰ ਤੋਮਰ ਤੇ ਕਿਰਨ ਰਿਜਿਜੂ ਅਤੇ ਹੋਰ ਸੀਨੀਅਰ ਆਗੂਆਂ ਦੀ ਮੌਜੂਦਗੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਪੰਜਾਬ ਨਾਲ ਸਬੰਧਤ ਸੀਨੀਅਰ ਆਗੂ ਅਸ਼ਵਨੀ ਸ਼ਰਮਾ, ਸੁਨੀਲ ਜਾਖੜ ਵੀ ਹਾਜ਼ਰ ਸਨ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਹੋਰਨਾਂ ਆਗੂਆਂ ਵਿੱਚ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਸਾਬਕਾ ਸੰਸਦ ਮੈਂਬਰ ਅਮਰੀਕ ਸਿੰਘ ਆਲੀਵਾਲ, ਕੇਵਲ ਸਿੰਘ, ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਹਰਚੰਦ ਕੌਰ, ਹਰਜਿੰਦਰ ਠੇਕੇਦਾਰ, ਬਲਬੀਰ ਰਾਣੀ ਸੋਢੀ, ਕੈਪਟਨ ਦੇ ਪੁੱਤਰ ਰਣਇੰਦਰ ਸਿੰਘ, ਧੀ ਬੀਬਾ ਜਯਾ ਇੰਦਰ ਕੌਰ, ਨਿਰਵਾਨ ਸਿੰਘ, ਕਮਲਜੀਤ ਸੈਨੇ ਆਦਿ ਸ਼ਾਮਲ ਸਨ। ਕੈਪਟਨ ਨੇ ਆਪਣੀ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਭਾਜਪਾ ਵਿੱਚ ਰਸਮੀ ਰਲੇਵੇਂ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨਾਲ ਵੀ ਮੁਲਾਕਾਤ ਕੀਤੀ।

# ਵੈਕਸੀਨ ਬਾਰੇ ਬਾਰਡਰ ਨਿਯਮਾਂ ਨੂੰ ਖ਼ਤਮ ਕਰਨ ਦੀ ਤਿਆਰੀ ਕਰ ਰਿਹਾ ਹੈ ਕੈਨੇਡਾ

ਓਟਵਾ-ਫੈਡਰਲ ਸਰਕਾਰ ਵੱਲੋਂ ਸਤੰਬਰ ਦੇ ਅੰਤ ਤੱਕ ਕੋਵਿਡ-19 ਸਬੰਧੀ ਵੈਕਸੀਨ ਬਾਰੇ ਬਾਰਡਰ ਨਿਯਮਾਂ ਨੂੰ ਖ਼ਤਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸਰਕਾਰ ਐਰਾਈਵਕੈਨ ਨੂੰ ਵੀ ਚੋਣਵਾਂ ਐਪ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਮਹਾਂਮਾਰੀ ਸਬੰਧੀ ਆਪਣੀਆਂ ਨੀਤੀਆਂ ਵਿੱਚ ਸਰਕਾਰ ਇਸ ਮਹੀਨੇ ਦੇ ਅੰਤ ਤੱਕ ਤਬਦੀਲੀ ਕਰੇਗੀ। ਭਰੋਸੇਯੋਗ ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਲਿਬਰਲ ਸਰਕਾਰ ਨੇ ਟਰੈਵਲਰਜ਼ ਲਈ ਕੋਵਿਡ-19 ਟੈਸਟਿੰਗ ਨੂੰ ਖ਼ਤਮ ਕਰਨ ਦਾ ਸੰਕੇਤ ਵੀ ਦਿੱਤਾ ਹੈ। ਜੂਨ ਦੇ ਅਖੀਰ ਵਿੱਚ ਫੈਡਰਲ ਸਰਕਾਰ ਨੇ ਆਖਿਆ ਸੀ ਕਿ ਬਾਰਡਰ ਪਾਬੰਦੀਆਂ, ਜਿਨ੍ਹਾਂ ਵਿੱਚ ਕੈਨੇਡਾ ਦਾਖਲ ਹੋਣ ਲਈ ਵੈਕਸੀਨੇਸ਼ਨ ਦਾ ਸਬੂਤ ਵਿਖਾਉਣਾ ਵੀ ਲਾਜ਼ਮੀ ਸੀ, ਘੱਟੋ ਘੱਟ 30 ਸਤੰਬਰ ਤੱਕ ਜਾਰੀ ਰਹਿਣਗੀਆਂ। ਤਾਜ਼ਾ ਰਿਪੋਰਟ ਮੁਤਾਬਕ ਫੈਡਰਲ ਸਰਕਾਰ ਵੱਲੋਂ ਇਨ੍ਹਾਂ ਮਾਪਦੰਡਾਂ ਨੂੰ ਅੱਗੇ ਨਾ ਵਧਾਉਣ ਦਾ ਮਨ ਬਣਾਇਆ ਜਾ ਰਿਹਾ ਹੈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਸਰਕਾਰ ਵੈਕਸੀਨੇਸ਼ਨ ਨਾਲ ਸਬੰਧਤ ਕਿਹੜੇ ਨਿਯਮਾਂ ਨੂੰ ਇਸ ਮਹੀਨੇ ਦੇ ਅੰਤ ਤੱਕ ਬਦਲੇਗੀ। ਇਸ ਸਬੰਧ ਵਿੱਚ ਐਲਾਨ ਜਲਦ ਹੀ ਆਉਣ ਵਾਲੇ ਦਿਨਾਂ ਵਿੱਚ ਕੀਤੇ ਜਾਣ ਦੀ ਸੰਭਾਵਨਾ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site (Even to the Moon)
"Where the Builders Buy"



REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

## ਯੂਐਫਵੀ ਸਟੂਡੈਂਟ ਯੂਨੀਅਨ ਸੁਸਾਇਟੀ ਵਲੋਂ ਐਬਟਸਫੋਰਡ ਮੇਅਰ ਅਹੁਦੇ ਦੇ ਉਮੀਦਵਾਰਾਂ ਦੀ ਡਿਬੇਟ ਲਈ ਮੇਜ਼ਬਾਨੀ

ਐਬਟਸਫੋਰਡ-ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਵਿਖੇ ਸਟੂਡੈਂਟਸ ਯੂਨੀਅਨ ਸੁਸਾਇਟੀ (ਐਸਯੂਐਸ) 29 ਸਤੰਬਰ ਨੂੰ ਐਬਟਸਫੋਰਡ ਦੇ ਮੇਅਰ ਦੇ ਅਹੁਦੇ ਲਈ ਉਮੀਦਵਾਰਾਂ ਲਈ ਡਿਬੇਟ ਦੀ ਮੇਜ਼ਬਾਨੀ ਕਰ ਰਹੀ ਹੈ। ਡਿਬੇਟ ਐਬਟਸਫੋਰਡ ਕੈਂਪਸ 33844 ਕਿੰਗ ਰੋਡ ਵਿਖੇ ਸਟੂਡੈਂਟ ਯੂਨੀਅਨ ਬਿਲਡਿੰਗ ਵਿਚ ਸ਼ਾਮ 6 ਵਜੇ ਤੋਂ 9 ਵਜੇ ਤਕ ਹੋਵੇਗੀ। ਹੁਣ ਤਕ ਇਸ ਡਿਬੇਟ ਵਿਚ ਰੌਸ ਸੀਮੈਂਸ ਤੇ ਮਨਜੀਤ ਸੋਹੀ ਉਮੀਦਵਾਰਾਂ ਨੇ ਹਿੱਸਾ ਲੈਣ ਦੀ ਪੁਸ਼ਟੀ ਕੀਤੀ ਹੈ। 15 ਅਕਤੂਬਰ ਨੂੰ ਹੋ ਰਹੀਆਂ ਸਿਵਿਕ ਚੋਣਾਂ ਵਿਚ ਮੇਅਰ ਦੇ ਅਹੁਦੇ ਦੀ ਚੋਣ ਡੇਵਿਡ ਪੇਲੀਕਾਨ ਤੇ ਟਰੌਏ ਗੈਸਪਰ ਵੀ ਲੜ ਰਹੇ ਹਨ। ਯੂਐਫਵੀ ਪੋਲੀਟੀਕਲ ਸਾਇੰਸ ਵਿਭਾਗ ਵਿਖੇ ਪ੍ਰੋਫੈਸਰ ਹੈਮਿਸ਼ ਟੈਲਫੋਰਡ ਈਵੈਂਟ ਦੇ ਸੰਚਾਲਕ ਹੋਣਗੇ। ਡਿਬੇਟ ਜਨਤਾ ਲਈ ਖੁੱਲ੍ਹੀ ਹੋਵੇਗੀ ਅਤੇ ਸਵਾਲ ਪੁੱਛਣ ਦਾ ਮੌਕਾ ਮਿਲੇਗਾ।

## ਐਬਟਸਫੋਰਡ ਮੇਅਰ ਤੇ ਕੌਂਸਲਰ ਉਮੀਦਵਾਰਾਂ ਦੀ ਬਹਿਸ 30 ਸਤੰਬਰ ਨੂੰ

ਵੈਨਕੂਵਰ-ਐਬਟਸਫੋਰਡ ਵਿਚ ਮੇਅਰ ਅਹੁਦੇ ਅਤੇ ਕੌਂਸਲ ਅਹੁਦਿਆਂ ਦੇ ਸਾਰੇ ਉਮੀਦਵਾਰਾਂ ਨੂੰ ਸ਼ਾਮਿਲ ਕਰਨ ਲਈ ਸਾਰੇ ਉਮੀਦਵਾਰਾਂ ਦੀ ਮੀਟਿੰਗ ਦੀ ਯੋਜਨਾ ਬਣਾਈ ਗਈ ਹੈ। ਮੀਟੰਗ 30 ਸਤੰਬਰ ਨੂੰ ਸ਼ਾਮ 7 ਵਜੇ ਗਾਰਡਨ ਪਾਰਕ ਟਾਵਰ, 2825 ਕਲੀਅਰਬੁੱਕ ਰੋਡ ਵਿਚ ਕਲੀਅਰਬੁੱਕ ਗੋਲਡਨ ਏਜ ਸੁਸਾਇਟੀ ਵਲੋਂ ਕਰਵਾਈ ਜਾ ਰਹੀ ਹੈ। ਫਾਰਮੈਟ ਵਿਚ ਸਾਰੇ 21 ਕੌਂਸਲ ਉਮੀਦਵਾਰਾਂ ਨੂੰ ਇਹ ਦੱਸਣ ਲਈ 2-2 ਮਿੰਟ ਦਾ ਸਮਾਂ ਦਿੱਤਾ ਜਾਵੇਗਾ ਕਿ ਉਨ੍ਹਾਂ ਨੂੰ ਕਿਉਂ ਚੁਣਿਆਂ ਜਾਣਾ ਚਾਹੀਦਾ ਹੈ। ਮੇਅਰ ਅਹੁਦੇ ਲਈ ਚਾਰ ਉਮੀਦਵਾਰਾਂ ਨੂੰ ਆਪਣਾ ਪਲੇਟਫਾਰਮ ਪੇਸ਼ ਕਰਨ ਲਈ ਪੰਜ-ਪੰਜ ਮਿੰਟ ਦਿੱਤੇ ਜਾਣਗੇ ਅਤੇ ਦੱਸਣਾ ਹਵੇਗਾ ਕਿ ਉਹ ਮੇਅਰ ਚੁਣੇ ਜਾਣ ਦਾ ਹੱਕ ਕਿਵੇਂ ਰੱਖਦੇ ਹਨ। ਜਿਵੇਂ ਹੀ ਸਮਾਂ ਮਿਲੇਗਾ, ਸਵਾਲ ਪੁੱਛਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਜਨਤਾ ਨੂੰ ਸੱਦਾ ਦਿੱਤਾ ਜਾਂਦਾ ਹੈ।

## ਐਬਟਸਫੋਰਡ ਦੀ ਵਿਦਿਆਰਥਣ ਦੋਭਾਸ਼ੀ ਯੰਗ ਲੀਡਰਜ਼ ਕਮੇਟੀ ਵਿਚ ਸ਼ਾਮਿਲ

ਵੈਨਕੂਵਰ-ਡਬਲਯੂਜੇ ਮੌਟ ਦੇ 11ਵੀਂ ਜਮਾਤ ਦੀ ਵਿਦਿਆਰਥਣ ਸੀਰਤ ਵੜੈਚ ਕੈਨੇਡਾ ਵਿਚ ਦੋਭਾਸ਼ਾਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਦੇਸ਼ਵਿਆਪੀ ਗਰੁੱਪ ਦਾ ਹਿੱਸਾ ਹੋਵੇਗੀ। ਬਾਈਲਿੰਗੁਅਲ (ਦੋਭਾਸ਼ੀ) ਵਾਈਐਲ16 ਸਾਲ ਤੋਂ 22 ਸਾਲ ਤੱਕ ਉਮਰ ਦੇ ਕੈਨੇਡੀਅਨਾਂ ਲਈ ਦੋ ਸਾਲ ਦਾ ਪ੍ਰੋਗਰਾਮ ਹੈ ਜਿਹੜੇ ਦੋਭਾਸ਼ਾਵਾਦ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਲਈ ਪ੍ਰਾਜੈਕਟ ਵਿਕਸਤ ਕਰਨਾ ਚਾਹੁੰਦੇ ਹਨ। ਕਮੇਟੀ ਮੈਂਬਰ ਪ੍ਰਾਜੈਕਟਾਂ 'ਤੇ ਚਰਚਾ ਕਰਨ ਕਰਨ ਲਈ ਸਾਲ ਵਿਚ ਇਕ ਨਿੱਜੀ ਰੂਪ ਵਿਚ ਤੇ ਕਈ ਵਰਚੂਅਲ ਮੀਟਿੰਗਾਂ ਕਰਦੇ ਹਨ।



# ਪ੍ਰਸਿੱਧ ਕਾਮੇਡੀਅਨ ਰਾਜੂ ਸ੍ਰੀਵਾਸਤ ਦਾ ਦੇਹਾਂਤ



ਨਵੀਂ ਦਿੱਲੀ-ਕਾਮੇਡੀਅਨ ਅਦਾਕਾਰ ਰਾਜੂ ਸ੍ਰੀਵਾਸਤਵ(58) ਦਾ ਦੇਹਾਂਤ ਹੋ ਗਿਆ। ਉਹ ਪਿਛਲੇ 40 ਦਿਨਾਂ ਤੋਂ ਹਸਪਤਾਲ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ। ਉਨ੍ਹਾਂ ਨੂੰ ਦਿੱਲੀ ਦੇ ਹੋਟਲ ਵਿੱਚ ਵਰਕਆਊਟ ਦੌਰਾਨ ਦਿਲ ਦਾ ਦੌਰਾ ਪੈਣ ਮਗਰੋਂ 10 ਅਗਸਤ ਨੂੰ ਏਮਜ ਲਿਆਂਦਾ ਗਿਆ ਸੀ। ਇਥੇ ਉਨ੍ਹਾਂ ਦੀ ਐਂਜੀਓਪਲਾਸਟੀ ਹੋਈ ਤੇ ਉਦੋਂ ਤੋਂ ਉਹ ਵੈਂਟੀਲੇਟਰ 'ਤੇ ਬੇਸੁਰਤ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਟਵੀਟ ਕਰਕੇ ਸ੍ਰੀਵਾਸਤਵ ਨੂੰ ਸ਼ਰਧਾਂਜਲੀ ਦਿੱਤੀ। ਯੂਪੀ ਅਸੈਂਬਲੀ ਨੇ ਸ੍ਰੀਵਾਸਤਵ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਵੀ ਰੱਖਿਆ। ਇਸ ਦੌਰਾਨ ਬੌਲੀਵੁੱਡ ਅਦਾਕਾਰਾਂ ਨੇ ਵੀ ਸ੍ਰੀਵਾਸਤਵ ਦੇ ਦੇਹਾਂਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸ੍ਰੀਵਾਸਤਵ ਦੇ ਪਰਿਵਾਰ ਵਿੱਚ ਪਤਨੀ ਤੇ ਦੋ ਬੱਚੇ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਵੀਰਵਾਰ ਸਵੇਰੇ ਹੋਵੇਗਾ। ਭਰਾ ਦੀਪੂ ਸ੍ਰੀਵਾਸਤਵ ਨੇ ਦੇਹਾਂਤ ਦੀ ਪੁਸ਼ਟੀ ਕਰਦਿਆਂ ਕਿਹਾ, "ਮੈਨੂੰ ਅੱਜ ਸਵੇਰੇ ਫੋਨ ਆਇਆ ਸੀ ਕਿ ਉਹ ਨਹੀਂ ਰਹੇ। ਇਹ ਬਹੁਤ ਮੰਦਭਾਗੀ ਖ਼ਬਰ ਹੈ। ਉਹ ਪਿਛਲੇ 40 ਦਿਨਾਂ ਤੋਂ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਸਨ।" ਹਸਪਤਾਲ ਦੇ ਸੂਤਰਾਂ ਮੁਤਾਬਕ ਸ੍ਰੀਵਾਸਤਵ ਨੇ ਸਵੇਰੇ 10:20 ਵਜੇ ਆਖਰੀ ਸਾਹ ਲਏ।

## ਰਾਜਪਾਲ ਵਲੋਂ ਮਨਜ਼ੂਰੀ ਨਾ ਦੇਣ ਉਪਰੰਤ ਆਪ ਨੇ ਇਜਲਾਸ ਹੁਣ 27 ਨੂੰ ਸੱਦਿਆ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਰੱਦ ਕਰਨ ਤੋਂ ਖਫਾ 'ਆਪ' ਸਰਕਾਰ ਦੇਸ਼ ਦੀ ਸਰਵਉਚ ਅਦਾਲਤ ਦਾ ਰੁਖ਼ ਕਰੇਗੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ 27 ਸਤੰਬਰ ਨੂੰ ਵਿਧਾਨ ਸਭਾ ਦਾ ਸੈਸ਼ਨ ਸੱਦਿਆ ਜਾਵੇਗਾ ਜਿਸ ਵਿਚ ਬਿਜਲੀ ਤੇ ਪਰਾਲੀ ਦੇ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਇਹ ਫੈਸਲਾ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਲਿਆ ਗਿਆ। ਉਨ੍ਹਾਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਲੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਰੱਦ ਕਰਨ 'ਤੇ ਰੋਸ ਜਤਾਇਆ। ਇਸ ਤੋਂ ਪਹਿਲਾਂ ਆਪ ਵਿਧਾਇਕਾਂ ਨੇ ਵਿਧਾਨ ਸਭਾ ਤੋਂ ਰਾਜ ਭਵਨ ਵੱਲ ਸ਼ਾਂਤੀ ਮਾਰਚ ਸ਼ੁਰੂ ਕੀਤਾ।

## ਵੈਨਕੂਵਰ ਦੇ ਮੇਅਰ ਵਲੋਂ ਸਟ੍ਰੀਟ ਡਿਸਆਰਡਰ ਲਈ ਹੁਣ 25 ਕੌਂਸਲਰਾਂ ਦੀ ਟੀਮ ਦਾ ਪ੍ਰਸਤਾਵ

ਵੈਨਕੂਵਰ-ਸ਼ਹਿਰ ਦੇ ਮੇਅਰ ਕੈਨੇਡੀ ਸਟੇਵਾਰਟ ਨੇ ਕਿਹਾ ਕਿ ਬੇਘਰ, ਨਸ਼ਾਖੋਰੀ ਜਾਂ ਮਾਨਸਿਕ ਤੌਰ 'ਤੇ ਬਿਮਾਰ ਹੋਣ ਵਰਗੀਆਂ ਗੈਰ-ਅਪਰਾਧਿਕ ਘਟਨਾਵਾਂ ਦੇ ਹੱਲ ਲਈ 25 ਨਵੇਂ ਵਰਕਰਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਸਟੇਵਾਰਟ ਨੇ ਕਿਹਾ ਕਿ ਜੇਕਰ ਉਹ ਦੁਬਾਰਾ ਚੁਣਿਆਂ ਗਿਆ ਤਾਂ ਉਹ ਮਾਨਸਿਕ ਸਿਹਤ, ਨਸ਼ੇ ਦੇ ਸੰਕਟ ਜਾਂ ਬੇਘਰ ਪੀੜਤ ਸ਼ਹਿਰ ਵਾਸੀਆਂ ਤੇ ਕਾਰੋਬਾਰੀਆਂ ਨੂੰ ਮਦਦ ਦੀ ਪੇਸ਼ਕਸ਼ ਕਰਨਗੇ। ਉਹ ਪੁਲਿਸ ਦੀ ਬਜਾਏ ਸਿੱਖਿਅਤ ਕੌਂਸਲਰਾਂ ਦੀ ਮੋਬਾਈਲ ਟੀਮ ਨੂੰ ਫੋਨ ਕਰ ਸਕਣਗੇ। ਸਟੇਵਾਰਟ ਜਿਹੜੇ ਅਗਲੇ ਮਹੀਨੇ ਹੋ ਰਹੀਆਂ ਚੋਣਾਂ ਵਿਚ ਆਪਣੀ ਦੂਸਰੀ ਮਿਆਦ ਲਈ ਚੋਣ ਲੜ ਰਹੇ ਹਨ ਨੇ ਕਿਹਾ ਕਿ ਤਜਵੀਜ਼ ਤਹਿਤ ਸ਼ਹਿਰ ਵਾਸੀ ਪੁਲਿਸ ਫੋਰਸ ਦੀ ਬਜਾਏ 25 ਨਵੇਂ ਕੌਂਸਲਰਾਂ ਦੀ ਟੀਮ ਨੂੰ ਭੇਜਣ ਲਈ 311 'ਤੇ ਫੋਨ ਕਰ ਸਕਣਗੇ। ਡਾਊਨਟਾਊਨ ਈਸਟਸਾਈਟ ਲਈ ਇਕ ਐਡਵੋਕੇਟ ਨੇ ਕਿਹਾ ਕਿ ਉਹ ਮਾਨਸਿਕ ਸਿਹਤ ਸੰਕਟ ਤੋਂ ਪੀੜਤ ਘਟਨਾਵਾਂ ਨੂੰ ਘੱਟ ਕਰਨ ਲਈ ਉਹ ਨਵੀਂ ਸਰਵਿਸ ਦਾ ਸਮਰਥਨ ਕਰਦੀ ਹੈ ਪਰ ਇਕ ਹੋਰ ਉਮੀਦਵਾਰ ਨੇ ਕਿਹਾ ਕਿ ਪ੍ਰਸਤਾਵਤ ਹੈਲਥ ਐਂਡ ਅਡਿਕਸ਼ਨਸ ਰਿਸਪਾਂਸ ਟੀਮ ਹਿੰਸਾ ਅਤੇ ਬਿਨ੍ਹਾਂ ਕਾਰਨ ਸ਼ਹਿਰ ਵਿਚ ਹੁੰਦੇ ਰੋਜ਼ਾਨਾਂ ਹਮਲਿਆਂ ਦਾ ਜਵਾਬ ਨਹੀਂ।

## ਕਾਰ ਦੀ ਟੱਕਰ ਨਾਲ ਪੈਦਲ ਯਾਤਰੀ ਔਰਤ ਦੇ ਮਾਰੇ ਜਾਣ ਪਿੱਛੋਂ ਡਰਾਈਵਰ ਪੁਲਿਸ ਹਿਰਾਸਤ 'ਚ

ਸਰੀ-ਇਕ ਪੈਦਲ ਜਾ ਰਹੀ ਔਰਤ ਦੀ ਕਾਰ ਵਲੋਂ ਟੱਕਰ ਮਾਰਨ ਕਾਰਨ ਹੋਈ ਮੌਤ ਪਿੱਛੋਂ ਕਾਰ ਦੇ ਡਰਾਈਵਰ ਨੂੰ ਆਰਸੀਐਮਪੀ ਨੇ ਹਿਰਾਸਤ ਵਿਚ ਲੈ ਲਿਆ ਹੈ। ਇਹ ਘਟਨਾ ਸਨਿਚਰਵਾਰ ਸਵੇਰ ਸਮੇਂ 133 ਸਟ੍ਰੀਟ ਅਤੇ ਯੂਨੀਵਰਸਿਟੀ ਡਰਾਈਵ ਵਿਖੇ 108 ਐਵੀਨਿਊ ਦੇ ਚੌਰਾਹੇ ਵਿਚ ਅੱਧੀ ਰਾਤ ਤੋਂ ਬਾਅਦ 1.05 ਵਜੇ ਵਾਪਰੀ ਸੀ। ਸਰੀ ਆਰਸੀਐਮਪੀ ਕ੍ਰਿਮੀਨਲ ਇਨਵੈਸਟੀਗੇਸ਼ਨ ਟੀਮ ਤੇ ਇੰਟੀਗ੍ਰੇਟਡ ਕੋਲੀਸ਼ਨ ਅਨਾਲਸਿਸ ਐਂਡ ਰੀਕੰਸਟਰੱਕਸ਼ਨ ਸਰਵਿਸ ਜਾਂਚ ਵਿਚ ਇਕੱਠੇ ਕੰਮ ਕਰ ਰਹੇ ਹਨ। ਜਾਂਚ ਅਧਿਕਾਰੀ ਵੀਡੀਓ ਫੁਟੇਜ ਤੇ ਬਿਆਨਾਂ ਲਈ ਖੇਤਰ ਦੀ ਜਾਂਚ ਕਰ ਰਹੇ ਹਨ।

## ਸਕੂਲਾਂ ਵਿਚ ਨਸਲਵਾਦ ਨੂੰ ਹੱਲ ਕਰਨ ਲਈ ਸਰੀ ਸਕੂਲ ਬੋਰਡ ਵਲੋਂ ਮਤਾ ਪਾਸ

ਸਰੀ-ਸਕੂਲਾਂ ਵਿਚੋਂ ਨਸਲਵਾਦ ਨੂੰ ਦੂਰ ਕਰਨ ਲਈ ਸਰੀ ਸਕੂਲ ਬੋਰਡ ਨੇ ਇਕ ਮਤਾ ਪਾਸ ਕੀਤਾ ਹੈ। ਨਵੰਬਰ ਦੀ ਰਿਪੋਰਟ ਵਿਚ ਪਾਇਆ ਗਿਆ ਕਿ ਸਮੁੱਚੇ ਸ਼ਹਿਰ ਦੇ ਸਕੂਲਾਂ ਵਿਚ ਨਸਲਵਾਦ ਇਕ ਮਹੱਤਵਪੂਰਣ ਮੁੱਦਾ ਹੈ। ਸਰੀ ਸਕੂਲਾਂ ਵਿਚ ਬੀਆਈਪੀਓਸੀ ਵਿਦਿਆਰਥੀਆਂ ਅਤੇ ਸਟਾਫ ਵਲੋਂ ਨਸਲਵਾਦ ਦਾ ਅਨੁਭਵ ਹੋਣ ਦਾ ਪਤਾ ਲੱਗਣ ਪਿੱਛੋਂ ਸਰੀ ਬੋਰਡ ਆਫ ਐਜੂਕੇਸ਼ਨ ਨੇ ਸਰਬਸੰਮਤੀ ਨਾਲ ਨਸਲਵਾਦ ਵਿਰੋਧੀ ਤੇ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਮਤਾ ਪੇਸ਼ ਕਰਨ ਦੀ ਕਾਰਵਾਈ ਦੀ ਹਮਾਇਤ ਕੀਤੀ। ਇਹ ਮਤਾ 14 ਸਤੰਬਰ ਨੂੰ ਪਾਸ ਕੀਤਾ ਗਿਆ।


# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਬੱਚਿਆਂ ਨੂੰ ਐਕਸਪਾਇਰ ਹੋਈ ਦਵਾਈ ਦੇਣ ਤੋਂ ਵਰਜ ਰਹੇ ਹਨ ਡਾਕਟਰ

ਓਟਵਾ-ਟਾਇਲੇਨੌਲ ਵਰਗੀ ਬੱਚਿਆਂ ਦੀ ਦਵਾਈ ਦੀ ਘਾਟ ਕਾਰਨ ਡਾਕਟਰਾਂ ਵੱਲੋਂ ਮਾਪਿਆਂ ਨੂੰ ਇਹੋ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਕਿਸੇ ਵੀ ਹਾਲ ਆਪਣੇ ਬਿਮਾਰ ਬੱਚਿਆ ਨੂੰ ਐਕਸਪਾਇਰ ਹੋਈ ਦਵਾਈ ਨਾ ਦੇਣ। ਇਸ ਤੋਂ ਇਲਾਵਾ ਮਾਪਿਆਂ ਨੂੰ ਇਹ ਵੀ ਆਖਿਆ ਜਾ ਰਿਹਾ ਹੈ ਕਿ ਉਹ ਭਰੋਸੇਯੋਗ ਹੈਲਥ ਪ੍ਰੋਫੈਸ਼ਨਲਜ਼ ਨਾਲ ਗੱਲ ਕਰਕੇ ਆਪਣੇ ਬੱਚਿਆਂ ਦੀ ਬਿਮਾਰੀ ਤੇ ਉਨ੍ਹਾਂ ਦੀ ਐਨਜ਼ਾਈਟੀ ਦਾ ਕੋਈ ਹੱਲ ਲੱਭਣ। ਇਸ ਤੋਂ ਇਲਾਵਾ ਪਰਿਵਾਰਾਂ ਨੂੰ ਇਹ ਸਲਾਹ ਵੀ ਦਿੱਤੀ ਜਾ ਰਹੀ ਹੈ ਕਿ ਉਹ ਘਬਰਾਹਟ ਵਿੱਚ ਐਂਵੇਂ ਹੀ ਦਵਾਈਆਂ ਨਾ ਖਰੀਦਣ ਤੇ ਇਸ ਗੱਲ ਦਾ ਵੀ ਖਿਆਲ ਰੱਖਣ ਕਿ ਬੱਚਿਆਂ ਦੇ ਇਲਾਜ ਲਈ ਹੋਰ ਕਈ ਬਦਲ ਮੌਜੂਦ ਹਨ।ਇਸ ਤਰ੍ਹਾਂ ਦੇ ਅਫਰਾ ਤਫਰੀ ਵਾਲੇ ਮਾਹੌਲ ਵਿੱਚ ਉਨ੍ਹਾਂ ਲੋਕਾਂ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ ਜਿਨ੍ਹਾਂ ਨੂੰ ਅਸਲ ਵਿੱਚ ਇਸ ਦਵਾਈ ਦੀ ਲੋੜ ਹੈ। ਹੈਲਥ ਕੈਨੇਡਾ ਵੱਲੋਂ ਪਹਿਲਾਂ ਅਗਸਤ ਦੇ ਮੱਧ ਵਿੱਚ ਬੱਚਿਆਂ ਦੀ ਦਰਦ ਨਿਵਾਰਕ ਦਵਾਈ ਟਾਇਲੇਨੌਲ ਦੀ ਘਾਟ ਦੀ ਪੁਸ਼ਟੀ ਕੀਤੀ ਗਈ ਸੀ। ਇਨ੍ਹਾਂ ਵਿੱਚ ਬੱਚਿਆਂ ਲਈ ਲੀਕੁਇਡ ਟਾਇਲੇਨੌਲ ਤੇ ਚਬਾ ਕੇ ਖਾਧੀ ਜਾਣ ਵਾਲੀ ਐਸੇਟਾਮਾਇਨੋਫੇਨ ਟੇਬਲੈਟਸ ਸ਼ਾਮਲ ਸਨ। ਕੈਨੇਡੀਅਨ ਫਾਰਮਾਸਿਸਟ ਐਸੋਸਿਏਸ਼ਨ ਦੀ ਚੀਫ ਫਾਰਮਾਸਿਸਟ ਆਫੀਸਰ ਡੈਨੀਅਲ ਪੇਸ ਅਨੁਸਾਰ ਇਸ ਦਵਾਈ ਦੀ ਘਾਟ ਡਿਮਾਂਡ ਵੱਧ ਜਾਣ ਕਾਰਨ ਪੈਦਾ ਹੋਈ ਹੈ। ਉਨ੍ਹਾਂ ਆਖਿਆ ਕਿ ਇਸ ਦਵਾਈ ਦਾ ਉਤਪਾਦਨ ਵੀ ਲੋੜੋਂ ਵੱਧ ਕੀਤਾ ਜਾ ਰਿਹਾ ਹੈ ਪਰ ਮੰਗ ਹੀ ਜ਼ਿਆਦਾ ਹੋਣ ਕਾਰਨ ਇਸ ਦੀ ਘਾਟ ਮਹਿਸੂਸ ਹੋ ਰਹੀ ਹੈ। ਹੁਣ ਬੱਚੇ ਸਕੂਲਾਂ ਵਿੱਚ ਪਰਤ ਚੁੱਕੇ ਹਨ ਤੇ ਇਸ ਨਾਲ ਮਾਪਿਆਂ ਨੂੰ ਬੱਚਿਆਂ ਨੂੰ ਕਈ ਤਰ੍ਹਾਂ ਦੇ ਵਾਇਰਸ ਹੋਣ ਦਾ ਡਰ ਬਣਿਆ ਹੋਇਆ ਹੈ।


OASIS WINDOWS INC.

OASIS WINDOWS

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

ENERGY STAR

BBB

• VINYL WINDOWS • CUSTOM MADE TO YOUR SPECIFICATIONS

• GARDEN WINDOWS • PATIO DOORS & SKYLIGHTS • FREE ESTIMATES

Lifetime Limited Warranty



"We are not satisfied until you are"

Phone: (604) 597 - 5033 Fax: (604) 597 - 5029

Tollfree: 1-800-665-2350

19025-52nd Ave., Surrey, BC

Serving Alberta, British Columbia, Washington & California Since 1989

www.oasiswindows.com


## ਬੀ.ਸੀ. ਦਾ ਹੈਲਥ ਸਿਸਟਮ ਚਰਮਰਾਇਆ

ਸ਼ਫ਼ਾ 1 ਦੀ ਬਾਕੀ

ਤਾਂ ਉਨ੍ਹਾਂ ਸਿੱਧੇ ਜਵਾਬ ਦਿੱਤੇ। ਉਨ੍ਹਾਂ ਨੇ ਪ੍ਰਣਾਲੀ ਦੇ ਹਰੇਕ ਵਿਭਾਗ ਤੇ ਪਹਿਲੂ ਵਿਚ ਸਟਾਫ ਦੀ ਅਹਿਮ ਕਮੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਈ ਵਾਰ ਮਾਹਿਰਾਂ ਕੋਲ ਬਹੁਤ ਜ਼ਿਆਦਾ ਬਿਮਾਰ ਤੇ ਜ਼ਿਆਦਾ ਗਿਣਤੀ ਵਿਚ ਮਰੀਜ਼ ਆਉਂਦੇ ਹਨ। ਵੱਡੇ ਪੱਧਰ 'ਤੇ ਐਮਰਜੈਂਸੀ ਡਿਪਾਰਟਮੈਂਟ ਬੰਦ ਹੋਣ ਅਤੇ ਸੂਬੇ ਵਿਚ ਲੱਖਾਂ ਲੋਕਾਂ ਨੂੰ ਫੈਮਿਲੀ ਡਾਕਟਰ ਨਾ ਮਿਲਣ ਦਾ ਹਵਾਲਾ ਦਿੰਦਿਆਂ ਹੋਗ ਨ ਕਿਹਾ ਕਿ ਅਸੀਂ ਢਹਿ ਢੇਰੀ ਹੋਣ ਦੀ ਹਾਲਤ ਵਿਚ ਪਹੁੰਚੇ ਹੋਏ ਹਾਂ। ਇਹ ਸਾਡੇ ਸਾਰੇ ਮਾਹਿਰਾਂ ਲਈ ਦੁਖਦਾਈ ਸਥਿਤੀ ਹੈ ਜਿਹੜੇ ਇਨ੍ਹਾਂ ਮਰੀਜ਼ਾਂ ਨੂੰ ਦੇਖਣਾ ਚਾਹੁੰਦੇ ਹਨ। ਉਨ੍ਹਾਂ ਨੇ ਬਸੰਤ ਵਿਚ ਸਹਿਯੋਗੀਆਂ ਵਲੋਂ ਕੀਤੀਆਂ ਸ਼ਿਕਾਇਤਾਂ ਦੀ ਪ੍ਰੋੜਤਾ ਹੀ ਕੀਤੀ ਹੈ ਜਿਹੜੇ ਪਹਿਲੇ ਮਾਹਿਰ ਡਾਕਟਰ ਸਨ ਜਿਨ੍ਹਾਂ ਨੇ ਦੋਸ਼ ਲਗਾਇਆ ਕਿ ਸਰਕਾਰ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ।

## ਸੁਖਬੀਰ ਬਾਦਲ ਵੱਲੋਂ ਸੁਪਰੀਮ ਕੋਰਟ ਦਾ ਫੈਸਲਾ ਪੰਥ ਤੇ ਹਮਲਾ ਕਰਾਰ

ਸ਼ਫ਼ਾ 1 ਦੀ ਬਾਕੀ

ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀ ਹੈ। 2014 ਦੇ ਐਕਟ ਰਾਹੀਂ ਹਰਿਆਣਾ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੱਖਰੀ ਹਰਿਆਣਾ ਗੁਰਦੁਆਰਾ ਕਮੇਟੀ ਦਾ ਗਠਨ ਕਰਨਾ, ਇਸੇ ਰਣਨੀਤੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਹ ਨਿੰਦਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਕੇਸ ਵਿਚ ਸੁਪਰੀਮ ਕੋਰਟ ਵਿੱਚ ਸ਼੍ਰੋਮਣੀ ਕਮੇਟੀ ਦੇ ਉਲਟ ਸਟੈਂਡ ਲਿਆ। ਉਨ੍ਹਾਂ ਕਿਹਾ ਕਿ ਤਾਬੂਤ ਵਿੱਚ ਆਖ਼ਰੀ ਕਿੱਲ ਗੱਡਣ ਦਾ ਕੰਮ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਜਿਨ੍ਹਾਂ ਦੇ ਐਡਵੋਕੇਟ ਜਨਰਲ ਨੇ ਅਦਾਲਤ ਵਿੱਚ ਕੇਸ 'ਚ ਸ਼੍ਰੋਮਣੀ ਕਮੇਟੀ ਖ਼ਿਲਾਫ਼ ਲਿਖਤੀ ਹਲਫ਼ਨਾਮਾ ਦਾਇਰ ਕੀਤਾ। ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਸੌ ਸਾਲ ਪੁਰਾਣੇ ਐਕਟ ਨਾਲ ਛੇੜਛਾੜ ਬਰਦਾਸ਼ਤ ਨਹੀਂ ਕਰੇਗਾ। ਇਸ ਸਬੰਧੀ ਰਣਨੀਤੀ ਲਈ ਪਾਰਟੀ ਨੇ ਸੀਨੀਅਰ ਆਗੂਆਂ ਦੀ ਮੀਟਿੰਗ ਸੱਦੀ ਹੈ। ਉਨ੍ਹਾਂ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਸਿੱਖਾਂ ਨੂੰ ਵੰਡਣ ਦੀ ਇਸ ਸਾਜ਼ਿਸ਼ ਖ਼ਿਲਾਫ਼ ਇਕਜੁੱਟ ਹੋਣ। ਸ੍ਰੀ ਬਾਦਲ ਨੇ ਕਿਹਾ ਕਿ ਦੇਸ਼ ਵਿਚ ਪਹਿਲਾਂ ਲੋਕਾਂ ਨੇ ਵੇਖਿਆ ਕਿ ਕਿਵੇਂ ਚੁਣੀ ਹੋਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਰੂਪ ਰਾਤੋ-ਰਾਤ ਬਦਲ ਕੇ ਇਸ 'ਤੇ ਕਬਜ਼ਾ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਦਰਿਆਈ ਪਾਣੀ ਖੋਹਣ ਸਣੇ ਬਿਨਾਂ ਰਾਜਧਾਨੀ ਸ਼ਹਿਰ ਚੰਡੀਗੜ੍ਹ ਤੋਂ ਵਿਚਰਨ ਦੀ ਮਾਰ ਝੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਨੂੰ ਮਾਨਤਾ ਦੇਣ ਨਾਲ ਸ਼੍ਰੋਮਣੀ ਕਮੇਟੀ ਨੂੰ ਛੋਟਾ ਕੀਤਾ ਜਾ ਰਿਹਾ ਹੈ।

## 30 ਸਤੰਬਰ ਤੱਕ ਵੈਕਸੀਨ ਸੰਬੰਧੀ ਨਿਯਮਾਂ ਨੂੰ ਖ਼ਤਮ ਕਰਨ ਦੇ ਪੱਖ ਵਿਚ ਹਨ ਟਰੂਡੋ

ਸ਼ਫ਼ਾ 1 ਦੀ ਬਾਕੀ

ਦੀ ਇੱਕ ਹੋਰ ਲਹਿਰ ਦੇ ਖਦਸ਼ੇ ? ਕਾਰਨ ਪਿੱਛੇ ਜਿਹੇ ਮੰਤਰੀਆਂ ਵੱਲੋਂ ਮਾਸਕਸ ਦੀ ਵਰਤੋਂ ਜਾਰੀ ਰੱਖਣ ਦੀ ਪੈਰਵੀ ਕੀਤੀ ਗਈ ਸੀ। ਵੀਰਵਾਰ ਦੁਪਹਿਰ ਨੂੰ ਕੈਬਨਿਟ ਦੀ ਮੀਟਿੰਗ ਹੋਈ ਪਰ ਮੌਜੂਦਾ ਪਬਲਿਕ ਹੈਲਥ ਆਰਡਰ ਨੂੰ ਖ਼ਤਮ ਕਰਨ ਲਈ ਕੈਬਨਿਟ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ। ਇਸ ਸਬੰਧ ਵਿੱਚ ਸਿਰਫ ਟਰੂਡੋ ਵੱਲੋਂ ਆਖਰੀ ਫੈਸਲਾ ਕੀਤਾ ਜਾਣਾ ਹੈ। ਇਹ ਕਨਸੋਆਂ ਵੀ ਹਨ ਕਿ ਫੈਡਰਲ ਸਰਕਾਰ ਏਅਰਪੋਰਟਸ ਉੱਤੇ ਵੈਕਸੀਨ ਤੇ ਕੋਵਿਡ-19 ਦੀ ਅਚਨਚੇਤੀ ਜਾਂਚ ਸਬੰਧੀ ਨਿਯਮ ਨੂੰ ਖ਼ਤਮ ਕਰਨ ਦਾ ਮਨ ਬਣਾ ਰਹੀ ਹੈ।ਇਸ ਹਫਤੇ ਫੈਡਰਲ ਕੈਬਨਿਟ ਮੰਤਰੀਆਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਸਰਕਾਰ ਇਸ ਬਾਰੇ ਸੋਚ ਵਿਚਾਰ ਕਰ ਰਹੀ ਹੈ ਕਿ ਟਰੈਵਲ ਸਬੰਧੀ ਮਾਪਦੰਡ ਜਾਰੀ ਰੱਖੇ ਜਾਣ ਜਾਂ ਖ਼ਤਮ ਕਰ ਲਏ ਜਾਣ। ਇਸ ਤੋਂ ਇਲਾਵਾ ਐਰਾਈਵਕੈਨ ਐਪ ਉੱਤੇ ਜਾਣਕਾਰੀ ਭਰਨਾ ਵੀ ਹੁਣ ਲਾਜ਼ਮੀ ਨਹੀਂ ਹੋਵੇਗਾ ਤੇ ਟਰੈਵਲਰਜ਼ ਲਈ ਇਹ ਚੋਣਵਾਂ ਵਿਸ਼ਾ ਹੋਵੇਗਾ। ਇਸ ਦੀ ਪੁਸ਼ਟੀ ਵੀ ਸਰਕਾਰੀ ਸੂਤਰ ਵੱਲੋਂ ਕੀਤੀ ਗਈ।


WE HAVE MOVED TO BIGGER & BETTER LOCATION

#208-7110-120TH ST, SURREY




ICBC

NO WIN NO FEE

WE DO HOME & HOSPITAL VISITS

Your Lawyers, Because We Care

▪ Criminal Law

▪ Divorce Cases

▪ Immigration Law

▪ Notary Services

Singh Thind and Associates

BARRISTERS & SOLICITORS

#208 7110 120TH ST, SURREY, BC V3W 3M8

Tel: 604.543.3886

Toll Free 1.866.543.3886

WWW.SINGHTHINDLAW.COM




# ਮੇਅਰ ਡੱਗ ਮੈਕਲਮ ਵਲੋ ਨਵਾਂ ਸਵਿਮਿੰਗ ਪੂਲ ਬਣਾਉਣ ਦਾ ਐਲਾਨ

ਸਰੀ-ਸਰੀ ਦੇ ਮੇਅਰ ਡੱਗ ਮੈਕਲਮ ਨੇ ਕਲੋਵਰਡੇਲ ਅਤੇ ਕਲੇਟਨ ਲਈ ਨਵਾਂ ਸਵੀਮਿੰਗ ਪੂਲ ਬਣਾਉਣ ਦਾ ਐਲਾਨ ਕੀਤਾ ਹੈ। ਸਰੀ ਦੇ ਮੇਅਰ ਹੋਣ ਦੇ ਨਾਤੇ, ਡੱਗ ਮੈਕਲਮ ਦਾ ਸ਼ਹਿਰ ਦੀ ਜਨਤਕ ਸੇਵਾ ਦਾ ਲੰਮਾ ਇਤਿਹਾਸ ਹੈ। ਡੱਗ ਦੀ ਅਗਵਾਈ ਹੇਠ, ਸਰੀ ਸ਼ਹਿਰ ਵਿਸ਼ਵ ਪੱਧਰੀ ਸ਼ਹਿਰ ਬਣਨ ਦੇ ਰਾਹ 'ਤੇ ਹੈ। ਸਰੀ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ ਦੇ ਨਾਲ, ਮੇਅਰ ਡੱਗ ਮੈਕਲਮ ਅਤੇ ਸੇਫ ਸਰੀ ਕੋਲੀਸ਼ਨ ਹੋਰ ਕਮਿਊਨਿਟੀ ਬੁਨਿਆਦੀ ਢਾਂਚੇ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਲਗਾਤਾਰ ਅਗੇ ਵਧ ਰਹੇ ਹਨ। ਇਸ ਨੂੰ ਧਿਆਨ ਵਿਚ ਰੱਖਦੇ ਹੋਏ, ਮੇਅਰ ਡੱਗ ਮੈਕਲਮ ਨੇ ਉਨ੍ਹਾਂ ਦੀ ਘੋਸ਼ਣਾ ਕੀਤੀ ਕਿ ਸਾਊਥ ਸਰੀ ਅਤੇ ਫਲੀਟਵੁੱਡ ਵਿੱਚ ਸਵਿਮਿੰਗ ਪੂਲ ਵਾਂਗ ਹੀ ਨਵਾਂ ਸਵੀਮਿੰਗ ਪੂਲ ਕਲੇਟਨ ਕਮਿਊਨਿਟੀ ਸੈਂਟਰ ਵਿਖੇ ਕਲੋਵਰਡੇਲ ਅਤੇ ਕਲੇਟਨ ਵਿੱਚ ਰਹਿਣ ਵਾਲੇ ਲੋਕਾਂ ਲਈ ਬਣਾਇਆ ਜਾਵੇਗਾ। ਮੇਅਰ ਡੱਗ ਮੈਕਲਮ ਦਾ ਕਹਿਣਾ ਹੈ ਕਿ ਇਸ ਇਲਾਕੇ ਵਿਚ ਸਕਾਈਟਰੇਨ ਦੇ ਆਉਣ ਨਾਲ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ ਤੇ ਨਾਲ ਹੀ ਇਲਾਕੇ ਦੇ ਬੁਨਿਆਦੀ ਢਾਂਚੇ ਦੇ ਵਿਸਥਾਰ ਨਾਲ ਲੋਕਾਂ ਨੂੰ ਕਮਿਊਨਿਟੀ ਸਹੂਲਤਾਂ ਦੀ ਵੀ ਵਧੇਰੇ ਲੋੜ ਹੈ।

# ਆਰ ਸੀ ਐਮ ਪੀ ਦੇ ਸਮਰਥਕਾਂ ਵੱਲੋਂ ਬਰੈਂਡਾ ਲੌਕ ਦੀ ਹਮਾਇਤ ਗੈਰ ਕਨੂੰਨੀ-ਸਰੀ ਫਾਰਵਰਡ ਵਲੋਂ ਸ਼ਿਕਾਇਤ



ਸਰੀ-ਬੀ ਸੀ. ਬ੍ਰਿਟਿਸ਼ ਕੋਲੰਬੀਆ ਵਿੱਚ ਚੋਣ ਕਾਨੂੰਨ ਸਪੱਸ਼ਟ ਹਨ। ਚੋਣ ਲੜ ਰਹੀ ਕਿਸੇ ਵੀ ਧਿਰ ਨੂੰ ਤੀਜੀ ਧਿਰ ਦੇ ਇਸ਼ਤਿਹਾਰ ਦੇਣਾ ਜਾਂ ਸਪਾਂਸਰ ਕਰਨਾ ਗੈਰ ਕਨੂੰਨੀ ਹੈ। ਮੇਅਰ ਲਈ ਉਮੀਦਵਾਰ ਬਰੈਂਡਾ ਲੌਕ ਦੀ ਅਗਵਾਈ ਵਾਲੀ ਸਰੀ ਕਨੈਕਟ ਆਰ ਸੀ ਐਮ ਪੀ ਨੂੰ ਸਰੀ ਵਿਚ ਰੱਖਣ ਦੀ ਮੁਹਿਮ ਚਲਾਉਣ ਵਾਲੀ ਸੰਸਥਾ Keep The RCMP ਤੋਂ ਸਿੱਧਾ ਯੋਗਦਾਨ ਪ੍ਰਾਪਤ ਕਰ ਰਹੀ ਹੈ। ਇਸਦੀ ਸ਼ਿਕਾਇਤ ਕਰਦਿਆਂ ਸਰੀ ਫਾਰਵਰਡ ਦੇ ਮੈਨੇਜਰ ਸਟੀਫਨ ਕਾਰਟਰ ਦਾ ਕਹਿਣਾ ਹੈ ਕਿ ਇਹ ਸਭ ਅਸਵੀਕਾਰਨਯੋਗ ਹੈ। ਉਹਨਾਂ ਹੋਰ ਕਿਹਾ ਕਿ ਕੌਂਸਲ ਚੋਣ ਮੁਹਿਮ ਵਿੱਚ ਜਿੱਥੇ ਮੌਜੂਦਾ ਮੇਅਰ ਨੂੰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਦੂਜੇ ਉਮੀਦਵਾਰ ਨੂੰ ਪਿਛਲੇ ਸਮੇਂ ਵਿੱਚ ਅਪਰਾਧਿਕ ਗਤੀਵਿਧੀ ਲਈ ਦੋਸ਼ੀ ਠਹਿਰਾਇਆ ਗਿਆ ਸੀ, ਇਸ ਦੌਰਾਨ ਇਹ ਹੈਰਾਨੀਜਨਕ ਹੈ ਕਿ ਇੱਕ ਤੀਜਾ ਉਮੀਦਵਾਰ ਇੱਕ ਤੀਜੀ ਧਿਰ ਤੋਂ ਗੈਰਕਾਨੂੰਨੀ ਸਮਰਥਨ ਤੇ ਸਹਾਇਤਾ ਲੈਣ ਲਈ ਤਿਆਰ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਸਰੀ ਵਿੱਚ Keep The RCMP ਦੁਆਰਾ ਇਕੱਠੇ ਕੀਤੇ ਗਏ ਸਾਰੇ ਦਸਤਖਤ, ਜਾਂ ਤਾਂ ਰਸਮੀ ਜਾਂ ਗੈਰ ਰਸਮੀ ਤੌਰ 'ਤੇ, ਸਰੀ ਕਨੈਕਟ ਨਾਲ ਸਾਂਝੇ ਕੀਤੇ ਗਏ ਹਨ। ਉਹਨਾਂ ਹੋਰ ਕਿਹਾ ਕਿ ਇਸ ਸਬੰਧੀ ਇਲੈਕਸ਼ਨਜ਼ ਬੀ.ਸੀ. ਕੋਲ ਸ਼ਿਕਾਇਤ ਦਾਇਰ ਕੀਤੀ ਜਾਵੇਗੀ।



# ਇਮੀਗ੍ਰੇਸ਼ਨ ਮਨਿਸਟਰ ਨੇ ਅਸਥਾਈ ਕਾਮਿਆਂ ਨੂੰ ਜਲਦ ਪੀ ਆਰ ਲਈ ਯੋਜਨਾ ਪੇਸ਼ ਕੀਤੀ

ਓਟਵਾ-ਇਮੀਗ੍ਰੇਸ਼ਨ ਮਨਿਸਟਰ ਸੀਨ ਫਰੇਜ਼ਰ ਨੇ ਕੈਨੇਡਾ ਵਿਚ ਕੱਚੇ ਕਾਮਿਆਂ ਤੇ ਕੌਮਾਂਤਰੀ ਸਟੂਡੈਂਟ ਨੂੰ ਪੱਕੇ ਕਰਨ ਲਈ ਇਕ ਨਵੀ ਨੀਤੀ ਯੋਜਨਾ ਸਦਨ ਵਿਚ ਪੇਸ਼ ਕੀਤੀ ਹੈ। ਲਿਬਰਲ ਐਮ ਪੀ ਰਣਦੀਪ ਸਿੰਘ ਸਰਾਏ ਦੁਆਰਾ ਲਿਆਂਦੇ ਗਏ ਪ੍ਰਾਈਵੇਟ ਬਿਲ-44 ਦੇ ਸੰਦਰਭ ਵਿਚ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਲਈ ਸਥਾਈ ਨਿਵਾਸ ਲਈ ਮਾਰਗਾਂ ਦਾ ਵਿਸਥਾਰ ਕਰਨ ਦੀ ਯੋਜਨਾ ਪੇਸ਼ ਕੀਤੀ ਹੈ। 20 ਸਤੰਬਰ ਨੂੰ ਰੁਟੀਨ ਕਾਰਵਾਈਆਂ ਦੌਰਾਨ, ਫਰੇਜ਼ਰ ਨੇ ਲਗਾਤਾਰ ਲੇਬਰ ਦੀ ਘਾਟ ਵਾਲੇ ਖੇਤਰਾਂ ਵਿੱਚ ਮਹੱਤਵਪੂਰਨ ਕੰਮ ਦਾ ਤਜਰਬਾ ਰੱਖਣ ਵਾਲੇ ਵਿਦੇਸ਼ੀ ਕਾਮਿਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਥਾਈ ਨਿਵਾਸ ਲਈ ਲਈ ਇੱਕ ਰਣਨੀਤੀ ਤਿਆਰ ਕੀਤੀ ਹੈ। ਇਹ ਰਣਨੀਤੀ ਇੱਕ ਪੰਜ-ਨੁਕਾਤੀ ਪ੍ਰੋਗਰਾਮ ਪੇਸ਼ ਕਰਦੀ ਹੈ ਜੋ ਇਮੀਗ੍ਰੇਸ਼ਨ, ਰਫਿਊਜੀਜ਼, ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਅਸਥਾਈ ਨਿਵਾਸੀਆਂ ਨੂੰ ਕੈਨੇਡੀਅਨ ਸਥਾਈ ਨਿਵਾਸੀ ਬਣਨ ਵਿੱਚ ਮਦਦ ਕਰਨ ਲਈ ਅਪਣਾਏਗੀ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8

satvir.cheema@century21.ca

PUNJAB LINK
# ਪੰਜਾਬ ਲਿੰਕ
ਸਨਿਚਰਵਾਰ, 24 ਸਤੰਬਰ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**



CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

# ਹਾਊਸਿੰਗ ਮਾਮਲੇ ਵਿਚ ਬੀ.ਸੀ. ਕੈਨੇਡਾ ਦਾ ਸਭ ਤੋਂ ਮਹਿੰਗਾ ਸੂਬਾ

ਵਿਕਟੋਰੀਆ-ਡਾਊਨਟਾਊਨ ਵੈਨਕੂਵਰ ਵਿਚ ਵੱਡੀ ਗਿਣਤੀ ਵਿਚ ਲੋਕਾਂ ਵਲੋਂ ਕਿਰਾਏ ਦਾ ਉੱਚ ਭੁਗਤਾਨ ਕਰਨ ਕਾਰਨ ਬ੍ਰਿਟਿਸ਼ ਕੋਲੰਬੀਆ ਕੈਨੇਡਾ ਵਿਚ ਮਕਾਨਾਂ ਦੇ ਮਾਮਲੇ ਵਿਚ ਸਭ ਤੋਂ ਮਹਿੰਗਾ ਸੂਬਾ ਹੈ। ਬੀਸੀ ਵਿਚ ਘਰਾਂ ਦੀ ਉੱਚੀ ਕੀਮਤ ਨੌਜਵਾਨ ਪੇਸ਼ਾਵਰਾਂ ਜਿਹੜੇ ਡਾਊਨ ਪੇਮੈਂਟ ਦਾ ਭੁਗਤਾਨ ਨਹੀਂ ਕਰ ਸਕਦੇ ਤੋਂ ਲੈ ਕੇ ਵਿਦਿਆਰਥਥੀਆਂ ਅਤੇ ਘੱਟ ਆਮਦਨ ਵਾਲੇ ਕਿਰਾਏਦਾਰਾਂ ਤੇ ਟੈਂਟਾਂ ਵਿਚ ਰਹਿ ਰਹੇ ਲੋਕਾਂ ਜਿਹੜੇ ਇਸ ਗੱਲ ਤੋਂ ਡਰਦੇ ਹਨ ਕਿ ਉਹ ਬੇਘਰ ਹੋਣ ਕਾਰਨ ਮਰ ਜਾਣਗੇ ਤਕ ਹਰੇਕ ਖੇਤਰ ਦੇ ਲੋਕਾਂ ਨੂੰ ਪ੍ਰਭਾਵਤ ਕਰ ਰਹੀ ਹੈ। ਸਟੈਟਿਸਟਿਕਸ ਕੈਨੇਡਾ ਨੇ ਬੁੱਧਵਾਰ ਛਾਪੇ ਡਾਟਾ ਵਿਚ ਕਿਹਾ ਕਿ ਬੀਸੀ ਮਕਾਨਾਂ ਦੀਆਂ ਸਭ ਤੋਂ ਉੱਚੀਆਂ ਕੀਮਤਾਂ ਵਾਲਾ ਸੂਬਾ ਹੋਣ ਦੇ ਤੌਰ 'ਤੇ ਦੇਸ਼ ਦੀ ਅਗਵਾਈ ਕਰ ਰਿਹਾ ਹੈ। 2021 ਦੀ ਮਰਦਮਸ਼ਮਾਰੀ ਤੋਂ ਇਕੱਤਰ ਕੀਤੇ ਡਾਟਾ ਵਿਚ ਕਿਹਾ ਕਿ ਬੀਸੀ ਵੈਨਕੂਵਰ ਦੇ ਸ਼ਹਿਰੀ ਸੈਂਟਰਾਂ ਵਿਚ ਵੱਡੀ ਗਿਣਤੀ ਵਿਚ ਲੋਕਾਂ ਵਲੋਂ ਜ਼ਿਆਦਾ ਕਿਰਾਇਆ ਦੇਣ ਕਾਰਨ ਮਕਾਨਾਂ ਦੇ ਮਾਮਲੇ ਵਿਚ ਦੇਸ਼ ਦਾ ਸਭ ਤੋਂ ਮਹਿੰਗਾ ਸੂਬਾ ਬਣ ਗਿਆ ਹੈ। ਰਿਪੋਰਟ ਵਿਚ ਕਿਹਾ ਕਿ ਕੌਮੀ ਪੱਧਰ 'ਤੇ ਗੈਰਕਿਫਾਇਤੀ ਘਰਾਂ ਦੀ ਸਭ ਤੋਂ ਉੱਚੀ ਦਰ ਬੀਸੀ ਵਿਚ 25.5 ਫ਼ੀਸਦੀ ਤੇ ਓਨਟਾਰੀਓ ਵਿਚ 24.2 ਫ਼ੀਸਦੀ ਸੀ।



ਇਹ ਮਾਪ ਪਰਿਵਾਰਾਂ ਦੀ ਅਨੁਪਾਤ 'ਤੇ ਆਧਾਰਤ ਹੈ ਜਿਹੜੇ ਮਕਾਨਾਂ 'ਤੇ ਆਪਣੀ ਆਮਦਨ ਦਾ 30 ਫ਼ੀਸਦੀ ਜਾਂ ਇਸ ਤੋਂ ਜ਼ਿਆਦਾ ਖਰਚ ਕਰਦੇ ਹਨ। ਅਜਿਹਾ ਟੋਰਾਂਟੋ ਦੇ ਜ਼ਿਆਦਾ ਕਿਰਾਏ ਵਾਲੇ ਅਰਬਨ ਸੈਂਟਰਾਂ ਵਿਚ ਗੈਰ ਕਿਫਾਇਤੀ ਘਰਾਂ ਦੀ ਉੱਚੀਆਂ ਦਰਾਂ 30.5 ਫ਼ੀਸਦੀ ਅਤੇ ਵੈਨਕੂਵਰ ਵਿਚ 29.8 ਫ਼ੀਸਦੀ ਹੋਣ ਕਾਰਨ ਹੈ। ਮੈਰੀ ਜੋਸੀ ਹੋਲ ਜਿਸ ਨੂੰ ਫਰਵਰੀ ਵਿਚ ਪਹਿਲੀ ਫੈਡਰਲ ਹਾਊਸਿੰਗ ਐਡਵੋਕੇਟ ਨਿਯੁਕਤ ਕੀਤਾ ਗਿਆ ਸੀ ਨੇ ਕਿਹਾ ਕਿ ਇਨ੍ਹਾਂ ਗਰਮੀਆਂ ਵਿਚ ਦੋ ਹਫ਼ਤੇ ਦੀ ਤੱਥ ਖੋਜ ਯਾਤਰਾ ਪਿੱਛੋਂ ਉਸ ਨੂੰ ਯਕੀਨ ਹੋ ਗਿਆ ਕਿ ਕੈਨੇਡਾ ਵਿਚ ਘਰ ਵਾਲੀ ਗੱਲ ਕੰਮ ਨਹੀਂ ਕਰ ਰਹੀ ਅਤੇ ਹੁਣ ਘਰਾਂ ਨੂੰ ਰਹਿਣ ਨਾਲੋਂ ਨਿਵੇਸ਼ ਦੀ ਸੰਭਾਵਨਾ ਵਾਲਾ ਖੇਤਰ ਜ਼ਿਆਦਾ ਸਮਝਿਆ ਜਾਂਦਾ ਹੈ। ਹੋਲ ਜਿਹੜੀ ਫੈਡਰਲ ਹਾਊਸਿੰਗ ਮੰਤਰੀ ਅਹਿਮਦ ਹੁਸੈਨ ਨੂੰ ਇਸ ਪੱਤਝੜ ਵਿਚ ਸਿਫਾਰਸ਼ਾਂ ਕਰਨ ਲਈ ਰਿਪੋਰਟ ਤਿਆਰ ਕਰ ਰਹੀ ਹੈ ਨੇ ਕਿਹਾ ਕਿ ਘਰ ਵਾਲੀ ਧਾਰਨਾ ਫੇਲ੍ਹ ਹੋ ਰਹੀ ਹੈ। 2019 ਦਾ ਨੈਸ਼ਨਲ ਹਾਊਸਿੰਗ ਸਟਰੈਟਜੀ ਐਕਟ ਐਲਾਨ ਕਰਦਾ ਹੈ ਕਿ ਉਚਿੱਤ ਰਿਹਾਇਸ਼ ਦਾ ਅਧਿਕਾਰ ਅੰਤਰਰਾਸ਼ਟਰੀ ਕਾਨੂੰਨ ਵਿਚ ਪ੍ਰਮਾਣਿਤ ਬੁਨਿਆਦੀ ਮਨੁੱਖੀ ਅਧਿਕਾਰ ਹੈ। ਓਟਵਾ ਤੋਂ ਇਕ ਮੁਲਾਕਾਤ ਵਿਚ ਉਸ ਨੇ ਕਿਹਾ ਕਿ ਰਹਿਣ ਲਈ ਆਪਣਾ ਮਕਾਨ ਹੋਣ ਦੀ ਗੱਲ ਬਹੁਤੇ ਕੈਨੇਡੀਅਨ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਪਿੰਡ ਦਾਰਾਪੁਰ ਜ਼ਿਲ੍ਹਾ ਮੋਗਾ ਦੇ ਨਗਰ ਨਿਵਾਸੀਆਂ

## ਵੱਲੋ ਮਹਾਨ ਤਿਆਗੀ, ਤਪੱਸਵੀ ਤੇ ਵੇਦਾਂਤੀ, ਬ੍ਰਹਮਲੀਨ ਸ੍ਰੀ ਸ੍ਰੀ 108 ਸੰਤ ਮਹੇਸ਼ ਮੁਨੀ ਜੀ ਬੋਰੇ ਵਾਲਿਆਂ ਜੀ ਦੀ ਯਾਦ ਵਿੱਚ

# ਸ੍ਰੀ ਆਖੰਡ ਪਾਠ ਸਾਹਿਬ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਦਾਰਾਪੁਰ ਨਗਰ ਨਿਵਾਸੀਆਂ ਦੀ ਸਮੂੰਹ ਸੰਗਤ ਵੱਲੋ ਗੁਰਦੁਆਰਾ ਸਾਹਿਬ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ (ਬਰੁੱਕਸਾਈਡ) ਵਿਖੇ ਸ੍ਰੀ ਸ੍ਰੀ 108 ਸੰਤ ਮਹੇਸ਼ ਮੁਨੀ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰਵਾਈ ਜਾ ਰਹੀ ਹੈ। ਸਮੂੰਹ ਨਗਰ ਨਿਵਾਸੀਆਂ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਸਮੂੰਹ ਪਰਿਵਾਰਾਂ ਨੂੰ ਇਸ ਮੋਕੇ ਤੇ ਸ਼ਾਮਿਲ ਹੋਣ ਅਤੇ ਸੇਵਾ ਵਿੱਚ ਹੱਥ ਵਟਾਉਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ। ਇਸ ਸੰਬੰਧੀ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।



ਸ੍ਰੀ ਸ੍ਰੀ 108 ਸੰਤ ਮਹੇਸ਼ ਮੁਨੀ ਜੀ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ : 30 ਸੰਤਬਰ, ਦਿਨ ਸੁਕਰਵਾਰ, ਸਵੇਰੇ 10 ਵਜੇ**
**ਭੋਗ ਸ੍ਰੀ ਆਖੰਡ ਪਾਠ ਸਾਹਿਬ ਜੀ : 02 ਅਕਤੂਬਰ, ਦਿਨ ਐਤਵਾਰ, ਸਵੇਰੇ 10 ਵਜੇ**

ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਪ੍ਰਚਾਰਕ ਸੰਤ ਜੀ ਦੇ ਜੀਵਨ ਤੇ ਵਿਸਥਾਰ ਸਹਿਤ ਚਾਨਣਾ ਪਾਉਣਗੇ।

ਵਿਸ਼ੇਸ਼ ਨੋਟ : - ਤਿੰਨੇ ਦਿਨ ਮਾਲ-ਪੂੜੇ ਤੇ ਖੀਰ ਦਾ ਲੰਗਰ ਅਤੁੱਟ ਵਰਤੇਗਾ ਜੀ।

## ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

**ਸੁਰਿੰਦਰ ਸਿੰਘ ਸੰਧੂ**
**778-245-9100**

**ਕੁਲਵੰਤ ਸਿੰਘ ਗਿੱਲ**
**778-384-0552**

**ਗੁਰੂ ਘਰ ਦਾ ਪਤਾ : 8365-140 ਸਟਰੀਟ ਸਰੀ, ਫੋਨ: (604) 502-0602**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY

LAW CORPORATION

www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**

**Google**

**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER

SURREY OFFICE: 7164, 120 ST, SURREY ***(BY APPOINTMENT PLEASE)***

Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਨਿਊਟਨ ਲਾਇਬਰੇਰੀ ਵਿਚ ਹਰਸਿਮਰਨ ਸਿੰਘ ਦੀ ਅੰਗਰੇਜ਼ੀ ਪੁਸਤਕ 'ਦੀਪ ਸਿੰਘ ਸ਼ਹੀਦ-ਦਿ ਮੈਨ ਇਨ ਦਿ ਲੀਜ਼ੈਂਡ' ਦਾ ਰਿਲੀਜ਼ ਸਮਾਗਮ

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਸਰੀ (ਹਰਦਮ ਮਾਨ)-ਹਰਸਿਮਰਨ ਸਿੰਘ ਵੱਲੋਂ ਬਾਬਾ ਦੀਪ ਸਿੰਘ ਦੇ ਜੀਵਨ ਸੰਬੰਧੀ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਖੋਜ ਭਰਪੂਰ ਪੁਸਤਕ 'ਦੀਪ ਸਿੰਘ ਸ਼ਹੀਦ-ਦਿ ਮੈਨ ਇਨ ਦਿ ਲੀਜ਼ੈਂਡ' ਰਿਲੀਜ਼ ਕਰਨ ਲਈ ਨਿਊਟਨ ਲਾਇਬਰੇਰੀ ਸਰੀ ਵਿਚ ਇਕ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਸੰਚਾਲਨ ਕਰਦਿਆਂ ਪਵਨਦੀਪ ਕੌਂਵ RCC ਨੇ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਨਵਰੂਪ ਸਾਮਰਾ ਨੇ ਲਾਰੈਂਸ ਸਕੂਲ, ਸਨਾਵਰ ਦੇ ਸਾਬਕਾ ਵਿਦਿਆਰਥੀ ਅਤੇ ਭਾਰਤੀ ਫੌਜ ਦੇ ਰਿਟਾਇਰਡ ਕਰਨਲ ਹਰਸਿਮਰਨ ਸਿੰਘ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਫੌਜ ਵਿੱਚ ਆਪਣੇ 31 ਸਾਲਾਂ ਦੇ ਕਾਰਜਕਾਲ ਦੌਰਾਨ, ਉਨ੍ਹਾਂ ਨੇ ਕਿੰਗਜ਼ ਕਾਲਜ, ਲੰਡਨ ਤੋਂ ਯੁੱਧ ਅਧਿਐਨ ਵਿੱਚ ਮਾਸਟਰਜ਼ ਡਿਗਰੀ ਹਾਸਲ ਕੀਤੀ। ਮਾਸਟਰ ਦੇ ਪ੍ਰੋਗਰਾਮ ਵਿੱਚ ਉਨ੍ਹਾਂ ਦਾ ਖੋਜ ਨਿਬੰਧ ਮਹਾਨ ਯੁੱਧ ਦੇ ਦੋ ਸਿਪਾਹੀ ਲੇਖਕਾਂ ਫਰੈਡਰਿਕ ਮੈਨਿੰਗ ਅਤੇ ਹੈਨਰੀ ਬਾਰਬੁਸੇ 'ਤੇ ਕੇਂਦਰਿਤ ਸੀ। ਡਾ. ਸਤਵਿੰਦਰ ਕੌਰ ਬੈਂਸ ਨੇ ਪੁਸਤਕ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ ਅਤੇ ਹਰਸਿਮਰਨ ਸਿੰਘ ਨੂੰ ਇਸ ਵਡੇਰੇ ਸਾਹਿਤਕ ਅਤੇ ਇਤਿਹਾਸਕ ਰਚਨਾਤਮਿਕ ਕਾਰਜ ਲਈ ਮੁਬਾਰਕਬਾਦ ਦਿੱਤੀ। ਪੁਸਤਕ ਦੇ ਪਿਛੋਕੜ ਬਾਰੇ ਦਸਦਿਆਂ ਲੇਖਕ ਹਰਸਿਮਰਨ ਸਿੰਘ ਨੇ ਦੱਸਿਆ ਕਿ ਬਾਬਾ ਦੀਪ ਸਿੰਘ ਦੇ ਜੀਵਨ ਬਾਰੇ ਲਿਖਣ ਦੀ ਉਨ੍ਹਾਂ ਦੇ ਮਨ ਵਿਚ ਪ੍ਰਬਲ ਇੱਛਾ ਸੀ; ਪਰ ਜ਼ਿੰਦਗੀ ਦੇ ਰੁਝੇਵਿਆਂ ਕਾਰਨ ਉਹ ਸਮਾਂ ਨਹੀਂ ਕੱਢ ਸਕੇ। ਬਾਬਾ ਦੀਪ ਸਿੰਘ ਦੇ 250ਵੇਂ ਸ਼ਹੀਦੀ ਪੁਰਬ ਸੰਬੰਧੀ ਸੈਮੀਨਾਰ ਮੌਕੇ ਉਨ੍ਹਾਂ ਦਾ ਸਿੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ ਨਾਲ ਰਾਬਤਾ ਕਾਇਮ ਹੋਇਆ। ਉਹਨਾਂ ਵਿੱਚੋਂ ਇੱਕ ਪ੍ਰੋ: ਰਾਏ ਜਸਬੀਰ ਸਿੰਘ ਸਨ ਜਿਨ੍ਹਾਂ ਨੇ ਦੀਪ ਸਿੰਘ ਬਾਰੇ ਸਾਰੀਆਂ ਲਿਖਤਾਂ ਦਾ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਹੈ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਲੇਖਕ ਨੇ ਬਾਬਾ ਦੀਪ ਸਿੰਘ ਨਾਲ ਜੁੜੇ ਹਰ ਸਥਾਨ 'ਤੇ ਜਾ ਕੇ, ਗੁਰਦੁਆਰਿਆਂ ਵਿਚ ਜਾ ਕੇ, ਹਰਦੁਆਰ ਦੇ ਪੰਡਤਾਂ ਕੋਲ ਜਾ ਕੇ ਵੰਸ਼ਾਵਲੀ ਰਿਕਾਰਡ ਦੀ ਘੋਖ ਕੀਤੀ, ਪ੍ਰਚੱਲਿਤ ਮੌਖਿਕ ਪਰੰਪਰਾਵਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਅਤੇ ਮੈਦਾਨੇ-ਜੰਗ ਦੇ ਅਧਿਐਨ ਦੇ ਨਾਲ-ਨਾਲ ਬਹੁਤ ਸਾਰੇ ਸਰੋਤਾਂ ਦੀ ਜਾਂਚ ਕਰਨ ਵਿੱਚ ਕਈ ਸਾਲ ਬਿਤਾਏ। ਇਸ ਤਰ੍ਹਾਂ ਇਸ ਮਹਾਨ ਰਚਨਾ ਨੂੰ ਕਲਮਬੱਧ ਕਰਨ ਲਈ ਬਹੁਤ ਲੰਮਾ ਸਮਾਂ ਲੱਗਿਆ। ਉੱਘੇ ਸਿੱਖ ਵਿਦਵਾਨ ਗਿਆਨ ਸਿੰਘ ਸੰਧੂ ਨੇ ਇਸ ਮਹਾਨ ਰਚਨਾ ਲਈ ਹਰਸਿਮਰਨ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਇਸ ਪੁਸਤਕ ਰਾਹੀਂ ਦੀਪ ਸਿੰਘ ਦੇ ਜੀਵਨ ਅਤੇ ਸਮਿਆਂ ਨੂੰ ਉੱਤਮ ਸੰਤ-ਸਿਪਾਹੀ, ਦਲੇਰੀ ਅਤੇ ਸੰਕਲਪ ਦੇ ਅਣ-ਅਧਿਕਾਰਤ ਸਰਪ੍ਰਸਤ-ਸੰਤ ਅਤੇ ਖਾਲਸਾ ਵਿਚਾਰਧਾਰਾ ਦੇ ਇੱਕ ਦੁਰਲੱਭ ਰੂਪ ਵਜੋਂ ਸਫਲਤਾਪੂਰਵਕ ਜੀਵਿਤ ਕੀਤਾ ਹੈ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ, ਸ਼ਾਇਰ ਮੋਹਨ ਗਿੱਲ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਕੁਲਦੀਪ ਸਿੰਘ ਬਾਸੀ, ਹਰਪ੍ਰੀਤ ਸਿੰਘ, ਪ੍ਰਿਤਪਾਲ ਗਿੱਲ, ਹਰਦਮ ਸਿੰਘ ਮਾਨ ਅਤੇ ਹੋਰ ਕਈ ਸ਼ਖ਼ਸੀਅਤਾਂ ਹਾਜਰ ਸਨ।



ਡਾਕ ਰਾਹੀਂ ਵੋਟ ਪਾਉਣੀ ਸੌਖੀ ਹੈ –
ਤੁਸੀਂ ਕਿਤਿਓਂ ਵੀ ਵੋਟ ਪਾ ਸਕਦੇ ਹੋ!

ਹੋਰ ਜਾਣੋ ਅਤੇ ਅੱਜ ਹੀ ਡਾਕ ਰਾਹੀਂ ਵੋਟ ਪਾਉਣ ਲਈ ਅਰਜ਼ੀ ਕਰੋ।

vancouver.ca/vote



CITY OF VANCOUVER
VANCOUVER BOARD OF PARKS AND RECREATION
VSB Vancouver School Board
VANCOUVER VOTES 2022







# ਹਰਜੀਤ ਬਾਜਖਾਨਾ ਦੀ ਕਬੱਡੀ ਟੀਮ ਨੇ ਬੈਲ ਸੈਂਟਰ ਸਰੀ ਦਾ ਕਬੱਡੀ ਕੱਪ ਜਿੱਤਿਆ

**• ਇੰਦਰਜੀਤ ਰੂਮੀ ਵੱਲੋਂ ਸਰਬੋਤਮ ਖਿਡਾਰੀਆਂ, ਕੁਮੈਂਟੇਟਰਾਂ ਤੇ ਰੈਫਰੀਆਂ ਦਾ ਸੋਨੇ ਦੀਆਂ ਚੈਨੀਆਂ ਨਾਲ ਸਨਮਾਨ • ਧੀਰਾ ਗਿੱਲ ਤੇ ਦੀਪ ਢਿੱਲੋਂ-ਜੈਸਮੀਨ ਜੋੜੀ ਦਾ ਖੁੱਲਾ ਅਖਾੜਾ**







ਸਰੀ-ਬੀਤੇ ਦਿਨ ਬੈਲ ਸੈਂਟਰ ਸਰੀ ਵਿਖੇ ਨੈਸ਼ਨਲ ਕਬੱਡੀ ਐਸੋਸੀਏਸ਼ਨ ਵਲੋਂ ਕਰਵਾਏ ਗਏ ਕਬੱਡੀ ਕੱਪ ਦੌਰਾਨ ਹਰਜੀਤ ਬਾਜਾਖਾਨਾ ਕਬੱਡੀ ਕਲੱਬ ਦੀ ਟੀਮ ਜੇਤੂ ਰਹੀ ਜਦੋਂਕਿ ਯੂਥ ਕਬੱਡੀ ਕਲੱਬ ਦੀ ਟੀਮ ਦੂਸਰੇ ਸਥਾਨ ਤੇ ਰਹੀ। ਜੇਤੂ ਟੀਮ ਨੇ 38 ਪੁਆਇੰਟ ਹਾਸਲ ਕੀਤੇ। ਹਜ਼ਾਰਾਂ ਦੀ ਗਿਣਤੀ ਵਿਚ ਜੁੜੇ ਇਕੱਠ ਦੌਰਾਨ ਫਾਈਨਲ ਮੈਚ ਬਹੁਤ ਹੀ ਫਸਵਾਂ ਤੇ ਦਿਲਚਸਪ ਰਿਹਾ ਜਿਸਦੇ ਇਕ-ਇਕ ਪੁਆਇੰਟ ਦਾ ਕਬੱਡੀ ਪ੍ਰੇਮੀਆਂ ਨੇ ਆਨੰਦ ਮਾਣਿਆ। ਇਸ ਮੌਕੇ ਅੰਬਾ ਸੁਰਸਿੰਘਵਾਲਾ ਨੂੰ ਬੈਸਟ ਰੇਡਰ ਐਲਾਨਿਆ ਗਿਆ ਜਦੋਂਕਿ ਅਰਸ਼ ਚੋਹਲਾ ਨੂੰ ਸੀਜ਼ਨ ਦਾ ਬੈਸਟ ਸਟਾਪਰ ਐਲਾਨਿਆ। ਟੂਰਨਾਮੈਂਟ ਦੌਰਾਨ ਯੰਗ ਕਬੱਡੀ ਕਲੱਬ ਦੇ ਪ੍ਰਧਾਨ ਇੰਦਰਜੀਤ ਰੂਮੀ ਤੇ ਸਾਥੀਆਂ ਵਲੋਂ ਸਰਬੋਤਮ ਖਿਡਾਰੀ ਗੁਰਲਾਲ, ਅਰਸ਼ ਚੋਹਲਾ ਤੇ ਜੈਸੀ ਸਹੋਤਾ ਨੂੰ ਸੋਨੇ ਦੀਆਂ ਚੈਨੀਆਂ ਨਾਲ ਸਨਮਾਨਿਤ ਕੀਤਾ ਗਿਆ। ਕੁਮੈਂਟੇਟਰ ਮੋਮੀ ਢਿੱਲੋਂ ਤੇ ਸਾਹਿਬ ਬਾਂਸਲ ਤੇ ਰੈਫਰੀ ਸੁਖੀ ਧੂਰੀ ਨੂੰ ਵੀ ਸੋਨੇ ਦੀਆਂ ਚੈਨੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਰਸ਼ਕਾਂ ਲਈ ਰਿੱਕੀ ਢੱਟ ਵਲੋਂ





ਸਪਾਂਸਰ ਤਿੰਨ ਐਲ ਸੀ ਡੀ ਟੀਵੀ ਦੇ ਲੱਕੀ ਡਰਾਅ ਵੀ ਕੱਢੇ ਗਏ। ਟੂਰਨਾਮੈਂਟ ਪ੍ਰਬੰਧਕ ਕਮੇਟੀ ਵਲੋਂ ਚਾਹ ਪਕੌੜੇ ਅਤੇ ਛੋਲੇ ਭਠੂਰਿਆਂ ਦੇ ਲੰਗਰ ਵੀ ਲਗਾਏ ਗਏ। ਇਸੇ ਦੌਰਾਨ ਯੰਗ ਕਬੱਡੀ ਕਲੱਬ ਦੇ ਪ੍ਰਧਾਨ ਇੰਦਰਜੀਤ ਸਿੰਘ ਰੂਮੀ ਨੇ ਇਸ ਸੀਜ਼ਨ ਦੌਰਾਨ ਕਬੱਡੀ ਟੂਰਨਾਮੈਂਟ ਦੌਰਾਨ ਖੇਡ ਪ੍ਰੇਮੀਆਂ ਵਲੋਂ ਦਿੱਤੇ ਗਏ ਭਰਵੇਂ ਹੁੰਗਾਰੇ ਤੇ ਸਪਾਂਸਰਾਂ ਵਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਟੂਰਨਾਮੈਂਟ ਦੀ ਲਾਈਵ ਕਵਰੇਜ ਲੱਕੀ ਕੁਰਾਲੀ ਟੀਮ ਪੰਜਾਬੀ ਵਲੋਂ ਕੀਤੀ ਗਈ। ਟੂਰਨਾਮੈਂਟ ਦੌਰਾਨ ਦਰਸ਼ਕਾਂ ਦੇ ਮਨੋਰੰਜਨ ਲਈ ਉਥੇ ਗਾਇਕ ਧੀਰਾ ਗਿੱਲ ਅਤੇ ਦੀਪ ਢਿਲੋਂ-ਜੈਸਮਾਨ ਦੀ ਜੋੜੀ ਦਾ ਖੁੱਲਾ ਅਖਾੜਾ ਵੀ ਲਗਾਇਆ ਗਿਆ ਜਿਸਦਾ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਿਆ।


ਹੁਣ



"Together We Can"

ਸੰਧੂ ਪ੍ਰੀਤ

For: ਕੌਂਸਲਰ

• ਸਿਟੀ ਹਾਲ ਨੂੰ ਮਾਫੀਆ-ਮੁਕਤ ਬਣਾਉਣਾ।
• ਪਾਲਸੀਆਂ ਦੇ ਫੈਸਲੇ ਲੈਣ ਲਈ ਲੋਕਾਂ ਦੀ ਸਲਾਹ ਲੈਣੀ।
• ਸਾਊਥ ਸਰੀ ਅਤੇ ਵ੍ਹਾਈਟ ਰੌਕ ਲਈ ਸਕਾਈ ਟਰੇਨ ਨੂੰ ਮੁੜ-ਰੂਟ ਕਰਨਾ।
• ਸੰਘੀ ਅਤੇ ਸੂਬਾਈ ਰਾਜਨੀਤੀ ਨੂੰ ਰੋਕਣਾ।
• ਬੈਕ ਯਾਰਡ ਨਿਰਮਾਣ ਨੂੰ ਰੋਕਣਾ।
• ਗੈਰ-ਕਾਨੂੰਨੀ ਕੂੜਾ ਸੁੱਟਣ ਵਾਲਿਆਂ ਨੂੰ ਰੋਕਣਾ।
• ਬੇਘਰੇ ਅਤੇ ਗਰੀਬੀ ਨੂੰ ਖਤਮ ਕਰਨਾ।
• ਹਸਪਤਾਲ ਜੋਨ ਵਿੱਚ ਮੁਫਤ ਪਾਰਕਿੰਗ।
• ਨਵੀਨੀਕਰਨ ਲਈ ਕੋਈ ਪਰਮਿਟ ਫੀਸ ਨਹੀਂ।
• ਨੌਜਵਾਨ, ਬਜੁਰਗ ਅਤੇ ਪਰਿਵਾਰ ਲਈ ਮੁਫਤ ਖੇਡਾਂ ਅਤੇ ਮਨੋਰੰਜਨ ਲਈ ਸੁਵਿਧਾਵਾਂ ਪ੍ਰਦਾਨ ਕਰਨਾ।
• ਸਰੀ ਦੇ ਸ਼ਹਿਰ ਵਿੱਚ ਇੱਕ ਅੰਤਰਰਾਸ਼ਟਰੀ ਮੈਰਾਥਨ ਦਾ ਆਯੋਜਨ ਕੀਤਾ ਗਿਆ।

ਚੋਣ ਰੈਲੀ
Time : 5:00 PM
October : 2nd 2022
Sunday Evening
Taj Park Convention Center
8580 132 Street
Surrey BC V3V 4N7
604-817-9671

Bank Turndown? Could be just what you need!

Quick Private Funds

- $10,000 to $1 Million in just 24 Hours
- Up to $5 Million Available



invis

Canada's Mortgage Experts™

Call today to get started

SANJEEV KATYAL

604.767.5194

Info@katyalmortgage.ca

WWW.KATYALMORTGAGE.CA



# ਸਪੈਸ਼ਲ ਸੈਲ!

www.dream-carpets.com

# dream carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

## ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਦੁਆਬੇ ਅਤੇ ਜਲੰਧਰ ਦੇ ਫ਼ੌਜਦਾਰ ਸ਼ੰਮਸ ਖਾਂ ਨੂੰ ਸਿੰਘਾਂ ਨੇ ਪਰਵਾਨਾ ਭੇਜਣਾ

1442 'ਬਹਾਦਰ ਸ਼ਾਹ' ਨੇ ਮੀਆਂ ਨੂਰ ਖਾਂ ਨੂੰ, 'ਸ਼ੰਮਸ ਖਾਂ' ਦਾ ਦਿੱਤਾ ਖਿਤਾਬ ਹੈ ਸੀ।
ਫੌਜਦਾਰ ਬਣਾ ਕੇ ਘੱਲਿਆ ਏ, ਹੇਠ ਉਸਦੇ ਜਲੰਧਰ ਦੁਆਬ ਹੈ ਸੀ।
ਸੁਲਤਾਨਪੁਰ ਸੀ ਉਸਨੇ ਠਹਿਰ ਕੀਤੀ, ਮਸ਼ਹੂਰ ਬੜਾ ਹੀ ਵਿਚ ਪੰਜਾਬ ਹੈ ਸੀ।
ਹਰਚੰਦ ਸਿੰਘਾ ਹਿੰਦੂ ਤੇ ਸਿੱਖ ਉਸਨੇ, ਡੱਕੇ ਜੇਲ੍ਹੀਂ ਬੇ-ਹਿਸਾਬ ਹੈ ਸੀ॥

1443 ਰਾਹੋਂ ਜਿੱਤ ਕੇ ਸਿੰਘਾਂ ਦੀ ਜੱਕ ਖੁੱਲੀ, ਹੱਥ ਆਇਆ ਬੜਾ ਹੀ ਮਾਲ ਕਹਿੰਦੇ।
ਮਾਲ ਲੁੱਟ ਦਾ ਘਰੀਂ ਘੱਲ ਦਿੱਤਾ, ਆਏ ਹੋਰ ਵੀ ਉਨ੍ਹਾਂ ਦੇ ਨਾਲ ਕਹਿੰਦੇ।
ਇਝ ਹੋਊ ਕਿਸੇ ਨਾ ਸੋਚਿਆ ਸੀ, ਆਇਆ ਸਿੰਘਾਂ ਤੇ ਨਵਾਂ ਜਲਾਲ ਕਹਿੰਦੇ।
ਬੰਦਾ ਭੇਜ ਪੰਜਾਬ ਹਰਚੰਦ ਸਿੰਘਾ, ਗੁਰਾਂ ਦਿੱਤੀ ਏ ਕਰ ਕਮਾਲ ਕਹਿੰਦੇ॥

1444 ਪਰਵਾਨਾ ਲਿਖ ਕੇ ਸ਼ੰਮਸ ਖਾਂ ਤਾਈਂ, ਸੁਲਤਾਨ ਪੁਰ ਸੀ ਸਿੰਘਾਂ ਪੁਚਾ ਦਿੱਤਾ।
ਈਨ ਮੰਨ ਜਾਂ ਵਿਚ ਮੈਦਾਨ ਆ ਜਾ, ਦੋ ਟੁੱਕ ਸੀ ਆਖ ਸੁਣਾ ਦਿੱਤਾ।
ਘੋੜੇ, ਧਨ, ਖਜਾਨੇ ਭੇਜ ਸਾਨੂੰ, ਹੋਰ ਕੁੱਝ ਵੀ ਬਹੁਤ ਗਿਣਾ ਦਿੱਤਾ।
ਸ਼ੰਮਸ ਖਾਂ ਦੀ ਖਾਨਿਊਂ ਗਈ ਸੁਣਕੇ, ਹਰਚੰਦ ਸਿੰਘਾ ਸਿਰ ਘੁਮਾ ਦਿੱਤਾ॥

### ਕਵੀਓ ਵਾਚ

1445 ਸਿਰ ਪਈ ਤੋਂ ਸੁੱਝਦੀਆਂ ਸੌ ਸੋਚਾਂ, ਸੁੱਖ ਸਮੇਂ ਸੁੰਨ ਦਿਮਾਗ ਰਹਿੰਦਾ।
ਤਾਰਾਂ ਕਸੀਆਂ ਤੁਣ-ਤੁਣਾਦੀਆਂ ਨੇ, ਹੋਣ ਢਿੱਲੀਆਂ ਚੁੱਪ ਹੈ ਰਾਗ ਰਹਿੰਦਾ।
ਅੱਗ ਵਲੇ ਤਾਂ ਫੁੱੜ-ਫੜਾਵਦਾ ਏ, ਠੰਡੇ ਚੁੱਲੇ ਚੁੱਪ ਹੈ ਸਾਗ ਰਹਿੰਦਾ।
ਜਗਾਇਆ ਜਾਗਦਾ ਹੈ ਹਰਚੰਦ ਸਿੰਘਾ, ਬਿਨਾਂ ਹਿੰਮਤੋਂ ਸੁੱਤਾ ਹੈ ਭਾਗ ਰਹਿੰਦਾ॥

### ਸ਼ੰਮਸ ਖਾਂ ਦਾ ਉੱਤਰ

1446 ਸ਼ੰਮਸ ਖਾਂ ਸੀ ਤੇਜ-ਤਰਾਰ ਬੰਦਾ, ਸੱਦੇ ਉਸ ਸਲਾਈਏ ਖਾਸ ਭਾਈ।
ਬਹਿ ਉਨ੍ਹਾਂ ਦੇ ਨਾਲ ਵਿਚਾਰ ਕੀਤੀ, ਸਿੰਘਾਂ ਤਾਈਂ ਨਾ ਕੀਤਾ ਨਿਰਾਸ਼ ਭਾਈ।
ਲੜਨ ਜੋਗੀ ਕੋਲ ਨਾ ਫੌਜ ਉਸਦੇ, ਤਿਆਰੀ ਵਾਸਤੇ ਸਮਾਂ ਨਾ ਪਾਸ ਭਾਈ।
ਹਰਚੰਦ ਸਿੰਘਾ ਮੰਨੀਆਂ ਸਭ ਸ਼ਰਤਾਂ, ਕਹਿੰਦਾ ਮੈਂ ਹਾਂ ਪੰਥ ਦਾ ਦਾਸ ਭਾਈ॥

1447 ਆਦਰ ਕੀਤਾ, ਖ਼ੂਬ ਹਲਕਾਰਿਆਂ ਦਾ, ਤੁਸੀਂ ਸਿੰਘ ਜੀ ਖਾਸ ਮਹਿਮਾਨ ਮੇਰੇ।
ਜਿਵੇਂ ਕਹੋ ਉਵੇਂ ਮਨਜੂਰ ਮੈਨੂੰ, ਥੋਡੇ ਚਰਨੀ ਸੀਸ-ਪਰਾਨ ਮੇਰੇ।
ਧਨ-ਦੌਲਤਾਂ ਲੱਦੀਆਂ ਗੱਡਿਆਂ ਤੇ, ਲੈ ਕੇ ਜਾਣਗੇ ਨਾਲ ਜਵਾਨ ਮੇਰੇ।
ਨਜਰਾਨਾ ਦਿਆਂਗੇ ਜੋੜ ਕੇ ਹੱਥ ਦੋਵੇਂ, ਹਰਚੰਦ ਸਿੰਘਾ ਤੁਸੀਂ ਹੁਕਮਰਾਨ ਮੇਰੇ॥

1448 ਜੋ ਮੰਗਿਆ ਲੱਦ ਕੇ ਗੱਡਿਆਂ ਤੇ, ਝੱਟ ਰਾਹੋਂ ਦੇ ਰਾਹ ਸੀ ਪਾ ਦਿੱਤਾ।
ਹਨੇਰੀ ਮੌਤ ਦੀ ਜੋ ਸੀ ਚੜ੍ਹਨ ਵਾਲੀ, ਵਕਤੀ ਤੌਰ ਤੇ ਉਹਨੂੰ ਅਟਕਾ ਦਿੱਤਾ।
ਫੌਜਦਾਰ ਨੇ ਸਿੰਘਾਂਦੀ ਈਨ ਮੰਨੀ, ਸਿੰਘਾਂ ਤਾਈਂ ਸੀ ਉਸ ਜਚਾ ਦਿੱਤਾ।
ਹਰਚੰਦ ਸਿੰਘਾ ਐਸੀ ਚਾਲ ਚੱਲੀ, ਘੱਟਾ ਅੱਖੀਂ ਸਿੰਘਾਂ ਦੇ ਪਾ ਦਿੱਤਾ॥

### ਖ਼ਬਰ ਸੁਣ ਕੇ ਸਿੰਘਾਂ ਨੇ ਖੁਸ਼ੀ ਕਰਨੀ

1449 ਗੱਡੇ ਮਾਇਆ ਹਥਿਆਰਾਂ ਦੇ ਜਦ ਪਹੁੰਚੇ, ਰਾਹੋਂ ਸਿੰਘ ਸੀ ਖੁਸ਼ੀ ਮਨਾਉਣ ਲੱਗੇ।
ਫੌਜਦਾਰ ਨੇ ਮੰਨ ਲਈ ਈਨ ਸਾਡੀ, ਹੋਈ ਜਿੱਤ ਦੇ ਭੰਗੜੇ ਪਾਉਣ ਲੱਗੇ।
ਸਦੀਆਂ ਪਿੱਛੋਂ ਗੁਰੂ ਨੇ ਮਿਹਰ ਕੀਤੀ, ਗੁਰ-ਮਹਿਮਾਂ ਦੇ ਗੁਣ ਸੀ ਗਾਉਣ ਲੱਗੇ।
ਹਿੱਸੇ ਬਹਿੰਦੀ ਮਾਇਆ ਸਾਰਿਆਂ ਨੂੰ, ਹਰਚੰਦ ਸਿੰਘਾ ਬਹਿ ਵਰਤਾਉਣ ਲੱਗੇ॥

### ਸ਼ੰਮਸ ਖਾਂ ਨੇ ਜੰਗ ਦੀ ਤਿਆਰੀ ਕਰਨੀ ਤੇ ਗਾਜ਼ੀ ਇਕੱਠੇ ਕਰਨੇ

1450 ਸ਼ੰਮਸ ਖਾਂ ਨੇ ਮੁੱਲਾਂ ਅਤੇ ਕਾਜੀ, ਥਾਂ ਥਾਂ ਤੇ ਖਬਰਦਾਰ ਕੀਤੇ।
ਭੀੜ ਪਈ ਇਸਲਾਮ ਤੇ ਮੁਸਲਮਾਨੋ, ਸਿੰਘਾਂ ਸਾਡੇ ਤੇ ਅੱਤਿਆਚਾਰ ਕੀਤੇ।
'ਕੱਠੇ ਕਰ ਇਲਾਕੇ ਦੇ ਸਭ ਗਾਜ਼ੀ, ਜਿਹਾਦ ਵਾਸਤੇ ਸਭ ਤਿਆਰ ਕੀਤੇ।
ਹਰਚੰਦ ਸਿੰਘਾ ਸੇਠਾਂ-ਸੌਦਾਗਰਾਂ ਨੇ, ਧਨ ਦੇਣ ਦੀ ਕੌਲ-ਇਕਰਾਰ ਕੀਤੇ॥

1451 ਪਿੰਡਾਂ ਵਿੱਚੋਂ ਵਜਾ ਕੇ ਢੋਲ ਸਾਰੇ, ਧਾੜਾਂ ਲੈ ਕੇ ਚੌਧਰੀ ਆਂਵਦੇ ਨੇ।
ਸੁਲਤਾਨਪੁਰ ਸੀ ਭੀੜਾਂ ਜੁੜ ਗਈਆਂ, ਵਿਚ ਜੋਸ਼ ਦੇ ਨਾਰ੍ਹੇ ਲਾਂਵਦੇ ਨੇ।
ਕਹਿੰਦੇ ਵੇਖੋ ਕੀੜੀ ਨੂੰ ਫਰ ਆਏ, ਕਾਫ਼ਰ ਸੁੱਤੀ ਮੌਤ ਜਗਾਂਵਦੇ ਨੇ।
ਹਰਚੰਦ ਸਿੰਘਾ ਸਾਗਰ ਦੇ ਵਿਚ ਰਹਿ ਕੇ, ਮਗਰਮੱਛਾਂ ਨੂੰ ਅੱਖਾਂ ਵਿਖਾਂਵਦੇ ਨੇ॥

### ਸ਼ੰਮਸ ਖਾਂ ਦੀ ਰਾਹੋਂ ਉਤੇ ਚੜ੍ਹਾਈ ਅਤੇ ਲੜਾਈ

1452 ਸ਼ੰਮਸ ਖਾਂ ਸੀ ਜੋੜਕੇ ਫੌਜ ਭਾਰੀ, ਰਾਹੋਂ ਵੱਲ ਨੂੰ ਮਾਰੋ ਮਾਰ ਤੁਰਿਆ।
ਪੈਦਲ ਤੀਹ ਹਜ਼ਾਰ ਸੀ ਨਾਲ ਉਸਦੇ, ਪੰਜ ਹਜ਼ਾਰ ਸੀ ਘੋੜ-ਸਵਾਰ ਤੁਰਿਆ।
ਗਾਜੀ ਬੜੇ ਸੀ ਜਾਂਵਦੇ ਨਾਲ ਉਸਦੇ, ਤੋਪਾਂ ਰਹਿਕਲੇ ਲੈ ਹਥਿਆਰ ਤੁਰਿਆ।
ਤੁਖਮ ਜੜ੍ਹੋਂ ਮੁਕਾਉਣਾ ਕਾਫ਼ਰਾਂ ਦਾ, ਹਰਚੰਦ ਸਿੰਘਾ ਦਿਲ ਉਹ ਧਾਰ ਤੁਰਿਆ॥

### ਸਿੱਖਾਂ ਨੇ ਸ਼ੰਮਸ ਖਾਂ ਨੂੰ ਤਿਆਰੀ ਲਈ ਸਮਾਂ ਦੇਣ ਤੇ ਪਛਤਾਉਣਾ

1453 ਸਿੱਖਾਂ ਸੋਚਿਆ ਗ਼ਲਤੀ ਕਰ ਬੈਠੇ, ਅਸਾਂ ਉਸ ਤੇ ਜੋ ਇਤਵਾਰ ਕੀਤਾ।
ਸੁੱਤੇ ਪਏ ਨੂੰ ਜਾ ਜਗਾ ਦਿੱਤਾ, ਅਚਨ-ਚੇਤ ਨਾ ਉਸ ਤੇ ਵਾਰ ਕੀਤਾ।
ਅਸਾਂ ਉਹੋ ਹੁਕਮ ਨਿਭਾਇਆ ਏ, ਜੋ ਸਾਨੂੰ ਸੱਚੀ ਸਰਕਾਰ ਕੀਤਾ।
ਅਰਦਾਸੇ ਸੋਧ ਕੇ ਝੱਟ ਹਰਚੰਦ ਸਿੰਘਾ, ਜੰਗ ਵਾਸਤੇ ਦਲ ਤਿਆਰ ਕੀਤਾ॥

### ਜੰਗ ਦਾ ਹਾਲ

1454 ਕੁੱਝ ਰਹੀਆਂ ਕਿਲ੍ਹੇ ਦੇ ਵਿਚ ਫੌਜਾਂ, ਬਾਕੀ ਆਵੇ ਤੇ ਚੜ੍ਹ ਕੇ ਆ ਬੈਠੇ।
ਖੰਗਰ ਜੋੜ ਕੇ ਬੋਰੀਆਂ ਭਰ ਮਿੱਟੀ, ਕੰਧਾਂ ਕਰਕੇ ਮੋਰਚੇ ਲਾ ਬੈਠੇ।
ਤੀਰ, ਰਫਲਾਂ ਜੋ ਸੀ ਉਸ ਕੋਲੇ, ਟੇਕ ਉਸੇ ਦੇ ਉਤੇ ਟਿਕਾ ਬੈਠੇ।
ਸਿਰ ਜਾਏ ਸਿਦਕ ਨਹੀਂ ਜਾਣ ਦੇਣਾ, ਹਰਚੰਦ ਸਿੰਘਾ ਸੁਗੰਧਾਂ ਖਾ ਬੈਠੇ॥

1455 ਆਉਂਦੇ ਆਉਂਦੇ ਆ ਗਏ ਕੋਲ ਗਾਜ਼ੀ, ਨਾਲ ਜੋਸ਼ ਦੇ ਨਾਅਰੇ ਲਾਉਣ ਬੇਲੀ।
ਤੇਗਾਂ, ਬਰਛੇ, ਹੱਥਾਂ ਦੇ ਵਿਚ ਫੜੇ, ਉਚੀ ਥਾਂ ਨੂੰ ਚੜ੍ਹੇ ਆਉਣ ਬੇਲੀ।
ਨੇੜੇ ਆਏ ਤੇ ਸਿੰਘਾਂ ਨੇ ਫਾਇਰ ਖੋਲ੍ਹੇ, ਨਾਲੇ ਤੀਰ ਵੀ ਖਿਚ ਚਲਾਉਣ ਬੇਲੀ।
ਫੱਟ ਖਾ ਕੇ ਡਿੱਗਣ ਹਰਚੰਦ ਸਿੰਘਾ, ਗਾਜੀ ਮੁੱਖ ਨਾ ਮੂਲ ਭੁਆਣ ਬੇਲੀ॥

1456 ਜੋ ਡਿੱਗੇ ਉਸ ਥਾ ਹੋਰ ਆਏ, ਜਗਾ ਉਸਦੀ ਆਣ ਕੇ ਮੱਲਦਾ ਏ।
ਸਿੱਖ ਉੱਚੇ ਗਾਜ਼ੀ ਥਾਂ ਨੀਵੇਂ, ਕੋਈ ਜ਼ੋਰ ਨਾ ਉਨ੍ਹਾਂ ਦਾ ਚੱਲਦਾ ਏ।
ਗੋਲੀ-ਸਿੱਕਾ ਸਿੰਘਾਂ ਦਾ ਖਤਮ ਹੋਇਆ, ਉਤੋਂ ਦਿਨ ਵੀ ਜਾਂਵਦਾ ਢਲਦਾ ਏ।
ਹਰਚੰਦ ਸਿੰਘਾ ਹਟੇ ਸਿੰਘ ਪਿੱਛੇ, ਖਾਲ੍ਹੀ ਹੱਥ ਵਾਹ ਨਾ ਚਲਦਾ ਏ॥

1457 ਵਾਢੀ ਧਰੀ ਸਿੰਘਾਂ ਦੀ ਗਾਜੀਆਂ ਨੇ, ਓੜਕ ਉਨ੍ਹਾਂ ਨੂੰ ਮੁੜ੍ਹੇ ਲਾਇਆ ਏ।
ਕਿਲ੍ਹੇ ਵਿਚੋਂ ਕਰਨ ਉਹ ਵਾਰ ਲੱਗੇ, ਨੁਕਸਾਨ ਤੁਰਕਾਂ ਬਹੁਤ ਉਠਾਇਆ ਏ।
ਸਿੰਘ ਮਾਰਦੇ ਮਾਰਦੇ ਥੱਕ ਗਏ, ਉਨ੍ਹਾਂ ਮਰਕੇ ਧਰਮ ਨਿਵਾਇਆ ਏ।
ਹਰਚੰਦ ਸਿੰਘਾ ਲੜਦਿਆਂ ਦਿਨ ਮੁੱਕਾ, ਰਾਤ ਪਈ ਹਨੇਰਾ ਛਾਇਆ ਏ॥

### ਸਿੰਘਾਂ ਨੇ ਰਾਤ ਸਮੇਂ ਘੇਰਾ ਤੋੜਕੇ ਕਿਲ੍ਹੇ 'ਚੋਂ ਨਿਕਲ ਜਾਣਾ

1458 ਕ੍ਰਿਲੇ ਵਿਚ ਸੀ ਥੋਹੜੇ ਸਿੰਘ ਰਹਿ ਗਏ, ਬਾਹਰ ਬੈਠੀਆਂ ਫੌਜਾਂ ਭਾਰੀਆਂ ਨੇ।
ਅੱਗੋਂ ਤੁਰਕਾਂ ਛੱਡੀ ਨਾ ਕਸਰ ਕੋਈ, ਜੰਮ-ਜੰਮ ਕੇ ਤੇਗਾਂ ਮਾਰੀਆਂ ਨੇ।
ਤੋਪਾਂ ਰਹਿਕਲੇ ਪਾਉਣ ਗੜਗੱਜ ਲੱਗੇ, ਵਿੱਚ ਕਿਲ੍ਹੇ ਦੇ ਵਰਨ ਅੰਗਾਰੀਆਂ ਨੇ।
ਹਰਚੰਦ ਸਿੰਘਾ ਜਾਏ ਨਾ ਪੇਸ਼ ਕੋਈ, ਤੀਰ-ਗੋਲੀਆਂ ਮੁੱਕੀਆਂ ਸਾਰੀਆਂ ਨੇ॥

1459 ਰਾਤ ਪਈ ਤੇ ਬੰਦ ਘਸਮਾਨ ਹੋਇਆ, 'ਕੱਠੇ ਸਾਰੇ ਸਿੰਘ ਸਰਦਾਰ ਹੋਏ।
ਦਾਰੂ-ਸਿੱਕਾ ਮੁੱਕਿਆ ਸਭ ਸਾਡਾ, ਹਥਿਆਰ ਸਾਰੇ ਸਾਡੇ ਬੇਕਾਰ ਹੋਏ।
ਛੱਡ ਕਿਲ੍ਹੇ ਨੂੰ ਨਿਕਲੀਏ ਬਾਹਰ ਆਪਾਂ, ਪਹਿਲਾਂ ਇਸ ਤੋਂ ਆਪਣੀ ਹਾਰ ਹੋਏ।
ਹਰਚੰਦ ਸਿੰਘਾ ਬਦਲੀ ਰਣਨੀਤੀ, ਹਰਨ ਹੋਣ ਲਈ ਸਭ ਤਿਆਰ ਹੋਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE THE LINK GROUP
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


# ਅਸਫਲ ਜੰਗ ਨੂੰ ਘਸੀਟ ਰਿਹਾ ਹੈ ਰੂਸ-ਟਰੂਡੋ

ਸੰਯੁਕਤ ਰਾਸ਼ਟਰ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਰੂਸ ਵੱਲੋਂ ਯੂਕਰੇਨ ਨਾਲ ਕੀਤੀ ਜਾ ਰਹੀ ਜੰਗ ਦੀ ਇੱਕ ਵਾਰੀ ਮੁੜ ਨਿਖੇਧੀ ਕਰਦਿਆਂ ਆਖਿਆ ਕਿ ਕਈ ਥਾਂਵਾਂ ਉੱਤੇ ਹੁਣ ਜਦੋਂ ਰੂਸ ਨੂੰ ਮੂੰਹ ਦੀ ਖਾਣੀ ਪੈ ਰਹੀ ਹੈ ਉਹ ਆਪਣੀ ਘਬਰਾਹਟ ਨੂੰ ਲੁਕਾਉਣ ਲਈ ਇਸ ਅਸਫਲ ਜੰਗ ਨੂੰ ਜਾਰੀ ਰੱਖ ਰਿਹਾ ਹੈ। ਦੁਨੀਆਂ ਭਰ ਤੋਂ ਆਏ ਆਗੂਆਂ ਵੱਲੋਂ ਇਸ ਜੰਗ ਦੀ ਨਿਖੇਧੀ ਕੀਤੀ ਗਈ। ਸੰਯੁਕਤ ਰਾਸ਼ਟਰ ਦੇ ਆਪਣੇ ਦੋ ਰੋਜ਼ਾ ਦੌਰੇ ਨੂੰ ਸਮੇਟਦਿਆਂ ਟਰੂਡੋ ਨੇ ਆਪਣੀਆਂ ਰਵਾਇਤੀ ਤਰਜੀਹਾਂ ਵਾਲੇ ਏਜੰਡੇ ਜਿਵੇਂ ਕਿ ਕਲਾਈਮੇਟ ਚੇਂਜ, ਬਾਇਓਡਾਇਵਰਸਿਟੀ ਤੇ ਕੌਮਾਂਤਰੀ ਵਿਕਾਸ ਦੀ ਗੱਲ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਸਾਰਿਆਂ ਦਾ ਬਹੁਤਾ ਧਿਆਨ ਸੱਤ ਮਹੀਨੇ ਤੋਂ ਰੂਸ ਤੇ ਯੂਕਰੇਨ ਦਰਮਿਆਨ ਚੱਲ ਰਹੀ ਜੰਗ ਵੱਲ ਹੀ ਰਿਹਾ। ਇਸ ਦੌਰਾਨ ਵੀਡੀਓ ਰਾਹੀਂ ਜਨਰਲ ਅਸੈਂਬਲੀ ਨੂੰ ਸੰਬੋਧਨ ਕਰ ਰਹੇ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੈਂਸਕੀ ਨੇ ਇੱਕ ਵਾਰੀ ਫਿਰ ਕੌਮਾਂਤਰੀ ਭਾਈਚਾਰੇ ਨੂੰ ਰੂਸ ਨੂੰ ਸਜ਼ਾ ਦੇਣ ਤੇ ਇਸ ਨੂੰ ਅਲੱਗ ਥਲੱਗ ਕਰਨ ਲਈ ਦਬਾਅ ਪਾਇਆ। ਇਸ ਤੋਂ ਇਲਾਵਾ ਜ਼ੈਲੈਂਸਕੀ ਨੇ



ਆਖਿਆ ਕਿ ਬੁੱਧਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵੱਲੋਂ ਯੂਕਰੇਨ ਖਿਲਾਫ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਦਿੱਤੀ ਗਈ ਧਮਕੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਰੂਸ ਖਿਲਾਫ ਸਖ਼ਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਇਸ ਦੌਰਾਨ ਕੀਤੀ ਗਈ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਹੁਣ ਜਦੋਂ ਪੂਤਿਨ ਨੂੰ ਕਿਸੇ ਪਾਸੇ ਤੋਂ ਸਫਲਤਾ ਨਹੀਂ ਮਿਲ ਰਹੀ ਤਾਂ ਉਹ ਇਸ ਤਰ੍ਹਾਂ ਦੀਆਂ ਖਤਰਨਾਕ ਧਮਕੀਆਂ ਦੇਣ ਉੱਤੇ ਉਤਾਰੂ ਹੈ। ਉਨ੍ਹਾਂ ਆਖਿਆ ਕਿ ਅੰਸ਼ਕ ਤੌਰ ਉੱਤੇ ਆਪਣੇ ਲੋਕਾਂ ਦੀ ਸੈਨਾ ਵਿੱਚ ਕੀਤੀ ਜਾ ਰਹੀ ਭਰਤੀ ਇਸ ਗੱਲ ਦਾ ਸਬੂਤ ਹੈ ਕਿ ਪੂਤਿਨ ਬੌਖਲਾ ਗਿਆ ਹੈ ਤੇ ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਾਲਾਤ ਉਸ ਦੀ ਇੱਛਾ ਮੁਤਾਬਕ ਨਹੀਂ ਢਲ ਰਹੇ। ਇਸ ਮੌਕੇ ਟਰੂਡੋ ਨੇ ਇਹ ਵੀ ਆਖਿਆ ਕਿ ਉਹ ਰੂਸ ਖਿਲਾਫ ਹੋਰ ਸਖ਼ਤ ਪਾਬੰਦੀਆਂ ਲਾਵੇਗਾ, ਯੂਕਰੇਨ ਦੀ ਫੌਜ ਨੂੰ ਸਿਖਲਾਈ ਦੇਵੇਗਾ ਤੇ ਹਰ ਤਰ੍ਹਾਂ ਦੀ ਸੰਭਵ ਮਦਦ ਵੀ ਮੁਹੱਈਆ ਕਰਾਵੇਗਾ।ਟਰੂਡੋ ਨੇ ਇਹ ਵੀ ਆਖਿਆ ਕਿ ਰੂਸ ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਨੂੰ ਸਾਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਨ੍ਹਾਂ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਇਸ ਦੌਰਾਨ ਵੀਡੀਓ ਰਾਹੀਂ ਯੂਐਨ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਜ਼ੈਲੈਂਸਕੀ ਨੇ ਯੂਐਨ ਦੇ ਬਾਨੀ ਮੈਂਬਰ ਰੂਸ ਨੂੰ ਕੌਮਾਂਤਰੀ ਹਾਲਾਤ ਵਿੱਚ ਵੋਟ ਕਰਨ ਦੇ ਅਧਿਕਾਰ ਤੋਂ ਵਾਂਝਾ ਕਰਨ ਦੀ ਅਪੀਲ ਕੀਤੀ ਤੇ ਯੂਐਨ ਦੀ ਸਕਿਊਰਿਟੀ ਕਾਊਂਸਲ ਵਿੱਚ ਵੀਟੋ ਦਾ ਅਧਿਕਾਰ ਵੀ ਰੂਸ ਤੋਂ ਵਾਪਿਸ ਲੈਣ ਦੀ ਮੰਗ ਕੀਤੀ।

## ਸਾਊਦੀ ਅਰਬ ਦੇ ਮਦੀਨਾ ਵਿਚ ਮਿਲਿਆ ਸੋਨੇ ਅਤੇ ਤਾਂਬੇ ਦਾ ਖਜ਼ਾਨਾ, ਨਿਵੇਸ਼ਕ ਮਿਲਣ ਦੀ ਆਸ ਬੱਝੀ



ਨਵੀਂ ਦਿੱਲੀ-ਸਾਊਦੀ ਅਰਬ ਦੇ ਮਦੀਨਾ ਵਿੱਚ ਸੋਨੇ ਅਤੇ ਤਾਂਬੇ ਦੇ ਭੰਡਾਰ ਮਿਲੇ ਹਨ। ਨਵੇਂ ਸੋਨੇ ਦੇ ਭੰਡਾਰ ਮਿਲਣ ਨਾਲ ਦੇਸ਼ ਨੂੰ ਵੱਡੀ ਗਿਣਤੀ ਵਿਚ ਅੰਤਰਰਾਸ਼ਟਰੀ ਅਤੇ ਸਥਾਨਕ ਨਿਵੇਸ਼ਕ ਮਿਲਣ ਦੀ ਆਸ ਬੱਝੀ ਹੈ। ਇਸ ਨਾਲ ਮਾਈਨਿੰਗ ਖੇਤਰ ਵਿੱਚ ਹੋਰ ਨਿਵੇਸ਼ ਵਧੇਗਾ। ਸਾਊਦੀ ਅਰਬ ਦੇ ਭੂ-ਵਿਗਿਆਨਕ ਸਰਵੇਖਣ ਨੇ ਸੋਨੇ ਅਤੇ ਤਾਂਬੇ ਦੇ ਨਵੇਂ ਸਥਾਨਾਂ ਦੀ ਖੋਜ ਦਾ ਐਲਾਨ ਕੀਤਾ ਹੈ। ਸਾਊਦੀ ਅਰਬ ਦੇ ਉਹ ਖੇਤਰ ਜਿੱਥੇ ਸੋਨੇ ਦੀਆਂ ਧਾਤ ਦੀਆਂ ਸਾਈਟਾਂ ਮਿਲੀਆਂ ਹਨ, ਉਹ ਮਦੀਨਾ ਵਿੱਚ ਅਬਾ ਅਲ-ਰਾਹਾ, ਉਮ ਅਲ-ਬਾਰਾਕ ਸ਼ੀਲਡ, ਹਿਜਾਜ਼ ਦੇ ਬਾਹਰਵਾਰ ਸਥਿਤ ਹਨ। ਮਦੀਨਾ ਦੇ ਇਸ ਖੇਤਰ ਵਿੱਚ ਸੋਨੇ ਦੀ ਖੋਜ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪਹਿਲਾਂ ਉਮ ਅਲ-ਬਾਰਾਕ ਸ਼ੀਲਡ ਵਿੱਚ ਸੋਨੇ ਦੇ ਧਾਤੂ ਦੀ ਘਾਟ ਸੀ। ਰਿਪੋਰਟ ਦੇ ਅਨੁਸਾਰ, ਸਾਊਦੀ ਅਰਬ ਵਿੱਚ ਸੋਨੇ ਅਤੇ ਤਾਂਬੇ ਦੇ ਧਾਤ ਦੀਆਂ ਸਾਈਟਾਂ ਦੀ ਨਵੀਂ ਖੋਜ ਤੋਂ ਸਥਾਨਕ ਅਤੇ ਗਲੋਬਲ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਦੀ ਉਮੀਦ ਹੈ। ਇਸ ਖੋਜ ਨਾਲ ਲਗਭਗ ਚਾਰ ਹਜ਼ਾਰ ਨਵੀਆਂ ਨੌਕਰੀਆਂ ਪੈਦਾ ਹੋਣ ਦੀ ਵੀ ਉਮੀਦ ਹੈ। ਸਾਊਦੀ ਅਰਬ 'ਚ ਹੋਈ ਨਵੀਂ ਖੋਜ ਦੇ ਬਾਰੇ 'ਚ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਨਵੀਂ ਖੋਜ ਨਾਲ ਸਾਊਦੀ 'ਚ ਮਾਈਨਿੰਗ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਇਸ ਦੇ ਨਾਲ ਹੀ ਇਸ ਖੇਤਰ ਵਿੱਚ ਨਿਵੇਸ਼ ਦੇ ਹੋਰ ਮੌਕੇ ਵੀ ਖੁੱਲ੍ਹਣਗੇ। ਸਾਊਦੀ ਅਰਬ ਦੇ ਭੂ-ਵਿਗਿਆਨਕ ਸਰਵੇਖਣ ਵਿਭਾਗ ਨੇ ਸੋਨੇ ਅਤੇ ਤਾਂਬੇ ਦੇ ਨਵੇਂ ਸਥਾਨਾਂ ਦੀ ਖੋਜ ਦਾ ਐਲਾਨ ਕੀਤਾ ਹੈ। ਸਾਊਦੀ ਅਰਬ ਦੇ ਉਹ ਖੇਤਰ ਜਿੱਥੇ ਸੋਨੇ ਦੀਆਂ ਧਾਤ ਦੀਆਂ ਸਾਈਟਾਂ ਮਿਲੀਆਂ ਹਨ, ਉਹ ਮਦੀਨਾ ਵਿੱਚ ਅਬਾ ਅਲ-ਰਾਹਾ, ਉਮ ਅਲ-ਬਾਰਾਕ ਸ਼ੀਲਡ, ਹਿਜਾਜ਼ ਦੀਆਂ ਸਰਹੱਦਾਂ 'ਤੇ ਸਥਿਤ ਹਨ। ਮਦੀਨਾ ਦੇ ਇਸ ਖੇਤਰ ਵਿਚ ਸੋਨੇ ਦੀ ਖੋਜ ਇਸ ਲਈ ਵੀ ਵਿਸ਼ੇਸ਼ ਹੈ ਕਿਉਂਕਿ ਪਹਿਲਾਂ ਉਮ ਅਲ-ਬਾਰਾਕ ਸ਼ੀਲਡ ਵਿਚ ਸੋਨੇ ਦੇ ਧਾਤ ਦੀ ਘਾਟ ਸੀ। ਤੁਹਾਨੂੰ ਦੱਸ ਦੇਈਏ ਕਿ ਸਾਊਦੀ ਅਰਬ ਸੋਨੇ ਦੇ ਸਭ ਤੋਂ ਵੱਡੇ ਧਾਰਕ ਦੇ ਰੂਪ ਵਿੱਚ ਦੁਨੀਆ ਵਿੱਚ 18ਵੇਂ ਸਥਾਨ 'ਤੇ ਹੈ ਅਤੇ ਆਪਣੇ ਭੰਡਾਰਾਂ ਦੇ ਮਾਮਲੇ ਵਿੱਚ, ਖਾਸ ਤੌਰ 'ਤੇ ਅਰਬ ਦੇਸ਼ਾਂ ਵਿੱਚ। ਅਜਿਹੇ 'ਚ ਸੋਨੇ ਅਤੇ ਤਾਂਬੇ ਦੇ ਨਵੇਂ ਭੰਡਾਰ ਮਿਲਣ ਨਾਲ ਸਾਊਦੀ ਸਰਕਾਰ ਨੂੰ ਭਵਿੱਖ 'ਚ ਜ਼ਾਹਿਰ ਤੌਰ 'ਤੇ ਫਾਇਦਾ ਹੋਵੇਗਾ।





# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ।ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ।ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ
ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ–
604–842–4990, +91–98550–00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।
ਸੰਪਰਕ ਕਰੋ: 778-361-2200

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ।ਮਾਲਵਾ ਖੇਤਰ ਨੂੰ ਪਹਿਲ।ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805(ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ– ਵਟਸਐਪ ਅਤੇ ਕਾਲ :
778–801–9037 talwanid@hotmial.ca

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ।ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਓ ਹੈ।ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ।ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ।ਸਰੀ ਤੋਂ ਰਾਈਡ ਦਾ ਪ੍ਰੰਬਧ ਹੈ।ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ ।ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604–808–2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਉਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000
ap 23

# ਰੂਸ ਤੋਂ ਦੇਸ਼ ਦਾ ਇਕ-ਇਕ ਹਿੱਸਾ ਲਵਾਂਗੇ ਵਾਪਿਸ-ਜ਼ੇਲੇਂਸਕੀ

ਸੰਯੁਕਤ ਰਾਸ਼ਟਰ-ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਵਿਸ਼ਵ ਭਾਈਚਾਰੇ ਨੂੰ ਰੂਸ ਨੂੰ ਉਸ ਦੇ ਹਮਲੇ ਲਈ ਸਜ਼ਾ ਦੇਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਆਪਣੇ ਦੇਸ਼ ਦਾ ਇਕ-ਇਕ ਹਿੱਸਾ ਵਾਪਸ ਲੈਣ ਦਾ ਵਾਅਦਾ ਕੀਤਾ ਹੈ। ਜ਼ਿਕਰਯੋਗ ਹੈ ਕਿ ਰੂਸ ਨੇ ਆਪਣੀ ਕਾਰਵਾਈ ਵਧਾਉਣ ਦਾ ਫ਼ੈਸਲਾ ਕੀਤਾ ਹੈ। ਰੂਸ ਦੇ ਰਾਸ਼ਟਰਪਤੀ ਵੋਲੋਦੀਮੀਰ ਪੁਤਿਨ ਨੇ ਬੁੱਧਵਾਰ ਨੂੰ ਯੂਕ੍ਰੇਨ ਦੇ ਨਾਲ ਲਗਭਗ ਸੱਤ ਮਹੀਨਿਆਂ ਦੀ ਲੜਾਈ ਵਿੱਚ ਝਟਕਿਆਂ ਤੋਂ ਬਾਅਦ ਲਗਭਗ ਤਿੰਨ ਲੱਖ ਰਿਜ਼ਰਵ ਸੈਨਿਕਾਂ ਦੀ ਅੰਸ਼ਕ ਤਾਇਨਾਤੀ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਨੂੰ ਰੂਸ ਦੀ ਪ੍ਰਭੂਸੱਤਾ ਲਈ ਜ਼ਰੂਰੀ ਦੱਸਦੇ ਹੋਏ ਦੋਸ਼ ਲਗਾਇਆ ਸੀ ਕਿ ਪੱਛਮੀ ਦੇਸ਼ ਉਨ੍ਹਾਂ ਦੇ ਦੇਸ਼ (ਰੂਸ) ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਜ਼ੇਲੇਂਸਕੀ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੂੰ ਇਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਇਹ ਘੋਸ਼ਣਾ ਇਸ ਗੱਲ ਦਾ ਸਬੂਤ ਹੈ ਕਿ ਰੂਸ ਯੁੱਧ ਨੂੰ ਖ਼ਤਮ ਕਰਨ ਲਈ ਗੱਲਬਾਤ ਕਰਨ ਲਈ ਤਿਆਰ ਨਹੀਂ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜਿੱਤ ਉਨ੍ਹਾਂ ਦੇ ਦੇਸ਼ ਦੀ ਹੀ ਹੋਵੇਗੀ। ਰਾਸ਼ਟਰਪਤੀ ਨੇ ਕਿਹਾ, "ਅਸੀਂ ਇਕ ਵਾਰ ਫਿਰ ਦੇਸ਼ ਦੇ ਹਰ ਹਿੱਸੇ ਵਿੱਚ ਯੂਕ੍ਰੇਨ ਦਾ ਝੰਡਾ ਲਹਿਰਾਵਾਂਗੇ।" ਅਸੀਂ ਇਹ ਹਥਿਆਰਾਂ ਦੇ ਦਮ 'ਤੇ ਕਰ ਸਕਦੇ ਹਾਂ ਪਰ ਸਾਨੂੰ ਕੁਝ ਸਮਾਂ ਲੱਗੇਗਾ। ਜ਼ੇਲੇਂਸਕੀ ਨੇ ਇਸ ਸਬੰਧ ਵਿਚ ਕੋਈ ਵਿਸਤ੍ਰਿਤ ਚਰਚਾ ਨਹੀਂ ਕੀਤੀ। ਹਾਲਾਂਕਿ, ਇਸ ਨੇ ਜ਼ੋਰ ਦਿੱਤਾ ਕਿ ਰੂਸ ਦੁਆਰਾ ਕੋਈ ਵੀ ਪਹਿਲਕਦਮੀ ਚੀਜ਼ਾਂ ਨੂੰ ਲਟਕਾਉਣ ਦਾ ਸਿਰਫ਼ ਇਕ ਬਹਾਨਾ ਹੈ ਅਤੇ ਰੂਸ ਦੀ ਕਾਰਵਾਈ ਉਸਦੇ ਇਰਾਦਿਆਂ ਨੂੰ ਸਪੱਸ਼ਟ ਕਰਦੀ ਹੈ। ਉਹ ਗੱਲਬਾਤ ਦੀ ਗੱਲ ਕਰਦੇ ਹਨ ਅਤੇ ਵਾਧੂ ਸੈਨਿਕਾਂ ਦੀ ਤਾਇਨਾਤੀ ਦਾ ਐਲਾਨ ਕਰਦੇ ਹਨ। ਉਹ ਗੱਲਬਾਤ ਦੀ ਗੱਲ ਕਰਦੇ ਹਨ, ਪਰ ਯੂਕਰੇਨ-ਨਿਯੰਤਰਿਤ ਖੇਤਰਾਂ ਵਿੱਚ ਪ੍ਰੌਕਸੀ ਰਾਏਸ਼ੁਮਾਰੀ ਦਾ ਐਲਾਨ ਕਰਦੇ ਹਨ। ਫਰਵਰੀ ਦੇ ਅਖੀਰ ਵਿੱਚ ਰੂਸ ਵੱਲੋਂ ਯੂਕਰੇਨ ਵਿੱਚ ਫੌਜੀ ਕਾਰਵਾਈ ਸ਼ੁਰੂ ਕਰਨ ਤੋਂ ਬਾਅਦ ਪਹਿਲੀ ਵਾਰ ਸੰਯੁਕਤ ਰਾਸ਼ਟਰ ਮਹਾਸਭਾ ਦੀ ਬੈਠਕ ਲਈ ਵਿਸ਼ਵ ਨੇਤਾ ਇਕੱਠੇ ਹੋਏ ਹਨ। ਜ਼ੇਲੇਨਸਕੀ ਨੇ ਇੱਥੇ ਵਿਅਕਤੀਗਤ ਤੌਰ 'ਤੇ ਨਾ ਆਉਣ ਅਤੇ ਵੀਡੀਓ ਰਾਹੀਂ ਇਕੱਠ ਨੂੰ ਸੰਬੋਧਨ ਕਰਨ ਦੀ ਵਿਸ਼ੇਸ਼ ਇਜਾਜ਼ਤ ਲਈ ਹੈ। ਰੂਸ ਨੇ ਅਜੇ ਸੰਯੁਕਤ ਰਾਸ਼ਟਰ ਮਹਾਸਭਾ ਨੂੰ ਸੰਬੋਧਨ ਕਰਨਾ ਹੈ।



# ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ ਦੇ ਚੇਅਰਮੈਨ ਬਲਬੀਰ ਸਿੰਘ ਸੈਣੀ ਦਾ ਸਦੀਵੀ ਵਿਛੋੜਾ

ਜਲੰਧਰ-ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ ਦੇ ਚੇਅਰਮੈਨ ਸ ਬਲਬੀਰ ਸਿੰਘ ਸੈਣੀ ਦੇ ਸਦੀਵੀ ਵਿਛੋੜੇ ਦੀ ਦੁਖਦਾਈ ਖਬਰ ਹੈ। ਮੈਡੀਕਲ ਸਿਹਤ ਸੇਵਾਵਾਂ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਉਹਨਾਂ ਦਾ ਯੋਗਦਾਨ ਸਦਾ ਯਾਦ ਕੀਤਾ ਜਾਵੇਗਾ। ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ 21 ਸਤੰਬਰ ਨੂੰ ਬਾਦ ਦੁਪਹਿਰ 4 ਵਜੇ ਮਾਡਲ ਟਾਊਨ ਜਲੰਧਰ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ। ਅੰਤਿਮ ਯਾਤਰਾ ਉਹਨਾਂ ਦੇ ਗ੍ਰਿਹ 186 ਲਾਜਪਤ ਨਗਰ ਤੋ ਦੁਪਹਿਰ 3.30 ਵਜੇ ਰਵਾਨਾ ਹੋਵੇਗੀ। ਪਰਿਵਾਰ ਨਾਲ ਹਮਦਰਦੀ ਲਈ ਉਹਨਾਂ ਦੇ ਸਪੁੱਤਰ ਦਵਿੰਦਰਪਾਲ ਸਿੰਘ ਸੈਣੀ ਨਾਲ ਫੋਨ ਨੰਬਰ 98146-75433 ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸਰੀ-ਇਸੇ ਦੌਰਾਨ ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ ਨਾਲ ਲੰਬੇ ਸਮੇਂ ਤੋ ਜੁੜੇ ਆ ਰਹੇ ਸਰੀ ਨਿਵਾਸੀ ਸ ਮਨਜੀਤ ਸਿੰਘ ਸੈਣੀ, ਜਤਿੰਦਰ ਸਿੰਘ ਜੇ ਮਿਨਹਾਸ, ਸੁਦਰਸ਼ਨ ਬਖਸ਼ੀ ਅਤੇ ਵਿੰਨੀਪੈਗ ਤੋ ਅਮਰਜੀਤ ਸਿੰਘ ਪੰਛੀ ਨੇ ਸ ਬਲਬੀਰ ਸਿੰਘ ਸੈਣੀ ਦੇ ਸਦੀਵੀ ਵਿਛੋੜੇ ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ।

# ਬੀਚ 'ਤੇ ਫਸੀਆਂ 230 ਵ੍ਹੇਲ ਮੱਛੀਆਂ, ਅੱਧੀਆਂ ਦੇ ਜ਼ਿੰਦਾ ਹੋਣ ਦੀ ਸੰਭਾਵਨਾ

ਤਸਮਾਨੀਆ-ਤਸਮਾਨੀਆ ਦੇ ਤੱਟ 'ਤੇ ਬੁੱਧਵਾਰ ਨੂੰ ਲਗਭਗ 230 ਪਾਇਲਟ ਵ੍ਹੇਲਾਂ ਫਸੀਆਂ ਹੋਈਆਂ ਮਿਲੀਆਂ। ਆਸਟ੍ਰੇਲੀਆਈ ਅਧਿਕਾਰੀਆਂ ਨੇ ਕਿਹਾ ਹੈ ਕਿ ਇਨ੍ਹਾਂ ਵਿੱਚੋਂ ਅੱਧੀਆਂ ਵ੍ਹੇਲਾਂ ਦੇ ਜ਼ਿੰਦਾ ਹੋਣ ਦੀ ਸੰਭਾਵਨਾ ਹੈ।ਆਸਟ੍ਰੇਲੀਆ ਦੇ ਬਾਇਓ ਰੀਸੋਰਸਿਸ ਅਤੇ ਵਾਤਾਵਰਣ ਵਿਭਾਗ ਨੇ ਕਿਹਾ, "ਲਗਭਗ 230 ਵ੍ਹੇਲ ਮੱਛੀਆਂ ਦਾ ਇਕ ਸਮੂਹ ਮੈਕਵੇਰੀ ਹਾਰਬਰ ਵਿੱਚ ਫਸਿਆ ਹੋਇਆ ਹੈ।ਅਜਿਹਾ ਲੱਗਦਾ ਹੈ ਕਿ ਇਹਨਾਂ ਵਿੱਚੋਂ ਅੱਧੇ ਜੀਵ ਹੀ ਜ਼ਿੰਦਾ ਹਨ।" ਏਰੀਅਲ ਫੋਟੋਆਂ ਸਮੁੰਦਰ ਅਤੇ ਤੱਟ ਦੇ ਵਿਚਕਾਰ ਪਏ ਦਰਜਨਾਂ ਕਾਲੀ ਚਮੜੀ ਵਾਲੇ ਵੱਡੇ ਥਣਧਾਰੀ ਜਾਨਵਰਾਂ ਨੂੰ ਦਿਖਾਉਂਦੀਆਂ ਹਨ। ਲਗਭਗ ਦੋ ਸਾਲ ਪਹਿਲਾਂ, ਇਸ ਖੇਤਰ ਦੇ ਬੀਚ 'ਤੇ 500 ਪਾਇਲਟ ਵ੍ਹੇਲਾਂ ਸਮੂਹਿਕ ਤੌਰ 'ਤੇ ਫਸ ਗਈਆਂ ਸਨ।ਇਨ੍ਹਾਂ ਵਿੱਚੋਂ ਸਿਰਫ਼ 100 ਨੂੰ ਹੀ ਬਚਾਇਆ ਜਾ ਸਕਿਆ।ਇੰਨੇ ਵੱਡੇ ਸਮੂਹ ਦੇ ਵਿਚਕਾਰ ਵ੍ਹੇਲ ਮੱਛੀਆਂ ਦੇ ਆਉਣ ਦਾ ਕਾਰਨ ਅਜੇ ਵੀ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਹੈ।ਵਿਗਿਆਨੀਆਂ ਦਾ ਅਨੁਮਾਨ ਹੈ ਕਿ ਅਜਿਹਾ ਰਸਤਾ ਭਟਕਣ ਅਤੇ ਤੱਟ ਦੇ ਬਹੁਤ ਨੇੜੇ ਆਉਣ ਕਾਰਨ ਹੋ ਸਕਦਾ ਹੈ। ਪਾਇਲਟ ਵ੍ਹੇਲ ਬਹੁਤ ਸਮਾਜਿਕ ਹੁੰਦੇ ਹਨ ਅਤੇ ਧਮਕੀ ਵਾਲੇ ਸਮੂਹ ਸਾਥੀਆਂ ਦਾ ਪਾਲਣ ਕਰਦੇ ਹਨ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

ਸ਼ਰਧਾਂਜਲੀ


# ਸਿੱਖ ਕੌਮ ਦੇ ਵਿਦਵਾਨ ਪਾਲ ਸਿੰਘ ਪੁਰੇਵਾਲ

## ਹਿਜਰੀ ਕੈਲੰਡਰ ਅਤੇ ਪੰਜ ਸੌ ਸਾਲਾ ਜੰਤਰੀ ਤੋਂ ਨਾਨਕਸ਼ਾਹੀ ਕੈਲੰਡਰ ਤੱਕ ਦਾ ਸਫ਼ਰ

**ਡਾ: ਗੁਰਵਿੰਦਰ ਸਿੰਘ**

ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਵਾਲੇ ਸ. ਪਾਲ ਸਿੰਘ ਪੁਰੇਵਾਲ 22 ਸਤੰਬਰ 2022 ਦਿਨ ਵੀਰਵਾਰ, ਸਵੇਰੇ ਦੇ ਸਮੇਂ ਐਡਮਿਟਨ ਸ਼ਹਿਰ ਵਿਖੇ ਅਕਾਲ ਚਲਾਣਾ ਕਰ ਗਏ ਹਨ। ਆਪ ਦੀ ਉਮਰ 90 ਸਾਲ ਦੇ ਕਰੀਬ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਦਾਖ਼ਲ ਸਨ। ਪਰਿਵਾਰਕ ਸੂਤਰਾਂ ਅਨੁਸਾਰ ਵੀਰਵਾਰ ਸਵੇਰੇ 1.30 ਵਜੇ ਦੇ ਕਰੀਬ ਭਾਈ ਸਾਹਿਬ ਨੇ ਆਖ਼ਰੀ ਸੁਆਸ ਲਏ। ਪੰਜਾਬ ਦੀ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਪਿੰਡ ਸ਼ੰਕਰ (ਸ਼ੰਕਰ ਸ਼ਰੀਂਹ) ਵਿਖੇ ਆਪ ਦਾ ਜਨਮ 23 ਨਵੰਬਰ 1932 ਵਿੱਚ ਹੋਇਆ। ਪੰਜਾਬ 'ਚ ਵੱਖ- ਵੱਖ ਸੇਵਾਵਾਂ ਨਿਭਾਉਣ ਤੋਂ ਮਗਰੋਂ ਆਪ ਪਹਿਲਾਂ 1965 ਈਸਵੀ ਵਿਚ ਇਗਲੈਂਡ ਅਤੇ ਮਗਰੋਂ 1974 ਵਿਚ ਆ ਵਸੇ, ਜਿਥੇ ਅਧਿਆਪਨ ਅਤੇ ਇਜਨੀਅਰਿਗ ਖੇਤਰ ਵਿੱਚ ਲੰਮਾ ਸਮਾਂ ਸੇਵਾਵਾਂ ਕੀਤੀਆਂ।

ਵਿੱਦਿਆ ਖੇਤਰ ਦੇ ਮਾਹਰ ਸ. ਪਾਲ ਸਿੰਘ ਪੁਰੇਵਾਲ ਪੰਜਾਬੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਫ਼ਾਰਸੀ ਦੇ ਗਿਆਤਾ ਸਨ, ਜਿਨ੍ਹਾਂ ਨੇ ਈਸਾਈ, ਹਿਦੂ ਅਤੇ ਮੁਸਲਿਮ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਦੇ ਵਿਸ਼ਲੇਸ਼ਣ ਮਗਰੋਂ ਕੈਲੰਡਰ ਤਿਆਰ ਕੀਤੇ। ਇਸ ਦੌਰਾਨ ਆਪ ਨੇ ਮੁਸਲਿਮ ਭਾਈਚਾਰੇ ਦੀ ਮੰਗ 'ਤੇ ਹਿਜਰੀ ਕੈਲੰਡਰ ਤਿਆਰ ਕੀਤਾ, ਜੋ ਕਿ ਪਾਕਿਸਤਾਨ ਵਿਖੇ ਪੰਜਾਬ ਦੇ ਗਵਰਨਰ ਵੱਲੋਂ ਵੱਡੇ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਆਪ ਨੂੰ ਹਿਜਰੀ ਕੈਲੰਡਰ ਤਿਆਰ ਕਰਨ ਲਈ ਪਾਕਿਸਤਾਨ ਵਿੱਚ 'ਲਾਈਫ ਟਾਈਮ ਅਚੀਵਮੈਂਟ ਅਵਾਰਡ" ਭਾਵ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ ਦਿੱਤਾ ਗਿਆ। ਸੰਨ 1994 ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੰਗ ਤੇ ਆਪ ਵੱਲੋਂ ਪੰਜ ਸੌ ਸਾਲਾ ਜੰਤਰੀ ਤਿਆਰ ਕੀਤੀ ਗਈ।




ਸ ਪਾਲ ਸਿੰਘ ਪੁਰੇਵਾਲ ਵੱਲੋਂ ਘਾਲਣਾ ਨਾਲ ਗਰਿਗੋਰੀਅਨ ਕੈਲੰਡਰ ਵਾਂਗ ਸੂਰਜ ਦੇ ਦੁਆਲੇ ਧਰਤੀ ਦੇ ਗੇੜੇ ਨੂੰ ਆਧਾਰ ਬਣਾ ਕੇ ਨਾਨਕਸ਼ਾਹੀ ਕੈਲੰਡਰ ਦਾ ਨਿਰਮਾਣ ਕੀਤਾ ਗਿਆ। 1999 ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਹਾੜੇ ਮੌਕੇ ਆਪ ਵੱਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਨੂੰ ਪ੍ਰਵਾਨ ਕੀਤਾ ਗਿਆ, ਪਰ ਇਸ ਦੇ ਬਾਵਜੂਦ ਸਿੱਖ ਕੌਮ ਦੀ ਵੱਖਰੀ ਪਛਾਣ ਦੀ ਪ੍ਰਤੀਕ 'ਮੂਲ ਨਾਨਕਸ਼ਾਹੀ ਕੈਲੰਡਰ' ਲਾਗੂ ਕਰਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੀ ਫੈਸਲੇ ਤੋਂ ਪਿਛੇ ਹਟ ਕੇ, ਉਸ ਵਿੱਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਕਰ ਦਿੱਤੀਆਂ ਗਈਆਂ।


ਮੂਲ ਨਾਨਕਸ਼ਾਹੀ ਕੈਲੰਡਰ ਰੱਦ ਕਰਨ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀ ਥਾਂ, ਵਿਸ਼ੇਸ਼ ਇਕੱਤਰਤਾ ਦੌਰਾਨ ਅਗਜੈਕਟਿਵ ਕਮੇਟੀ ਰਾਹੀਂ ਕੀਤੀ ਗਈ, ਜਿਸ ਦੇ ਬਾਰਾਂ ਮੈਂਬਰਾਂ ਚੋਂ ਚਾਰ ਮੈਂਬਰਾਂ ਨੇ ਇਸ ਦਾ ਵਿਰੋਧ ਵੀ ਕੀਤਾ, ਜਿਨ੍ਹਾਂ ਵਿੱਚ ਸ਼ਾਮਲ ਮੈਂਬਰਾਂ 'ਚੋਂ ਅੱਜ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਕਰਨੈਲ ਸਿੰਘ ਪੰਜੋਲੀ ਅਤੇ ਮੈਂਬਰ ਬੀਬੀ ਕਿਰਨਜੋਤ ਕੌਰ ਵੀ ਸ਼ਾਮਲ ਸਨ। 'ਉਨ੍ਹਾਂ ਅਨੁਸਾਰ' ਕੈਲੰਡਰ ਰੱਦ ਕਰਨ ਦਾ ਫ਼ੈਸਲਾ ਸੰਤ ਸਮਾਜ, ਡੇਰੇਦਾਰਾਂ, ਨਿਰਮਲਿਆਂ ਅਤੇ ਜੋਤਸ਼ੀਆਂ ਸਮੇਤ ਰਾਸ਼ਟਰੀ ਸੇਵਕ ਸੰਘ ਦੇ ਪ੍ਰਭਾਵ ਅਧੀਨ ਵੋਟ ਰਾਜਨੀਤੀ ਲਈ ਤਤਕਾਲੀ ਅਕਾਲੀ - ਭਾਜਪਾ ਸਰਕਾਰ ਦੇ ਗੱਠਜੋੜ ਦੀ ਸ਼ਹਿ 'ਤੇ ਲਿਆ ਗਿਆ, ਜੋ ਕਿ ਅਤਿ ਦੁਖਦਾਈ ਸੀ। ਇਉਂ ਸੂਰਜੀ ਕੈਲੰਡਰ ਅਨੁਸਾਰ ਸ. ਪੁਰੇਵਾਲ ਵਲੋਂ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਦਰਕਿਨਾਰ ਕਰਕੇ, ਮੁੜ ਚੰਦਰਮਾ ਕੈਲੰਡਰ ਮੁਤਾਬਕ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਸ਼੍ਰੋਮਣੀ ਕਮੇਟੀ ਵੱਲੋਂ ਲਾਗੂ ਕਰ ਦਿੱਤੀਆਂ ਗਈਆਂ, ਪਰ ਗੁਮਰਾਹਕੁਨ ਤਰੀਕੇ ਨਾਲ ਕੈਲੰਡਰ ਦਾ ਨਾਂ 'ਨਾਨਕਸ਼ਾਹੀ ਕੈਲੰਡਰ' ਹੀ ਰੱਖਿਆ ਗਿਆ, ਜੋ ਕਿ ਭਾਈ ਪਾਲ ਸਿੰਘ ਪੁਰੇਵਾਲ ਨੇ ਦਿੱਤਾ ਸੀ। ਇਸ ਸੱਚਾਈ ਨੂੰ ਬਿਆਨ ਕਰਦੀ ਸ.ਪਾਲ ਸਿੰਘ ਪੁਰੇਵਾਲ ਦੀ ਨਵੀਂ ਕਿਤਾਬ 'ਨਾਨਕਸ਼ਾਹੀ ਕੈਲੰਡਰ' ਹਾਲ ਹੀ ਵਿੱਚ ਛਪੀ ਹੈ, ਜੋ ਕਿ ਅੱਜ ਸਰੀ ਵਿਚ ਰਿਲੀਜ਼ ਹੋਣੀ ਹੈ। ਇਹ ਕਿਤਾਬ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀ ਗਈ ਹੈ ਅਤੇ ਇਸ ਵਿੱਚ ਨਾਨਕਸ਼ਾਹੀ ਕੈਲੰਡਰ ਬਾਰੇ ਅਹਿਮ ਖੁਲਾਸੇ ਕੀਤੇ ਗਏ ਹਨ। ਉਨ੍ਹਾਂ ਦੇ ਜਿਊਂਦੇ ਜੀਅ, ਨਾਨਕਸ਼ਾਹੀ ਕੈਲੰਡਰ ਨੂੰ ਸਤਿਕਾਰ ਦੇ ਕੇ ਲਾਗੂ ਕੀਤੇ ਜਾਣਾ ਬਣਦਾ ਸੀ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਜੇ ਤਕ ਮੁਕੰਮਲ ਰੂਪ ਵਿੱਚ ਮਾਨਤਾ ਨਹੀਂ ਮਿਲੀ।

ਲੇਖਕ ਨੂੰ ਸੰਨ 2000 ਤੋਂ ਲੈ ਕੇ ਕਈ ਵਾਰ, ਸ. ਪੁਰੇਵਾਲ ਨਾਲ ਮੁਲਾਕਾਤ ਦਾ ਮੌਕਾ ਮਿਲਿਆ, ਜਿਨ੍ਹਾਂ ਹਮੇਸ਼ਾਂ ਹੀ ਇਸ ਗੱਲ 'ਤੇ ਦੁੱਖ ਪ੍ਰਗਟਾਇਆ ਕਿ ਸਿੱਖਾਂ ਵਿੱਚ ਧਰਮ ਦੇ ਉੱਪਰ ਸਿਆਸਤ ਭਾਰੂ ਹੋ ਚੁੱਕੀ ਹੈ, ਜਿਸ ਕਾਰਨ ਸਹੀ ਫ਼ੈਸਲੇ ਲੈਣ ਦੀ ਥਾਂ, ਸਿਆਸੀ ਹਿੱਤਾਂ ਨੂੰ ਹੀ ਵੇਖਿਆ ਜਾਂਦਾ ਹੈ। ਸਿੱਖ ਵਿਦਵਾਨ ਭਾਈ ਪੁਰੇਵਾਲ ਨੇ ਚਲਾਣੇ ਤੋਂ ਕੁਝ ਦਿਨ ਪਹਿਲਾਂ ਬੇਬਾਕੀ ਨਾਲ ਇਹ ਗੱਲ ਨਜ਼ਦੀਕੀਆਂ ਨੂੰ ਕਹੀ ਸੀ ਕਿ ਚਾਹੇ ਉਨ੍ਹਾਂ ਦੇ ਜਿਊਂਦੇ ਜੀਅ ਅਤੇ ਚਾਹੇ ਉਨ੍ਹਾਂ ਦੀ ਮੌਤ ਮਗਰੋਂ ਹੀ ਸਹੀ, ਪਰ ਇੱਕ ਦਿਨ ਸਿੱਖ ਕੌਮ ਨੂੰ ਨਾਨਕਸ਼ਾਹੀ ਕੈਲੰਡਰ ਮੁਕੰਮਲ ਰੂਪ 'ਚ ਕਰਨਾ ਹੀ ਪਵੇਗਾ, ਉਹ ਚਾਹੇ ਅੱਜ ਕਰ ਲੈਣ ਜਾਂ ਕੱਲ ਕਰ ਲੈਣ। ਵੇਖਣਾ ਇਹ ਹੈ ਕਿ ਸ.ਪਾਲ ਸਿੰਘ ਪੁਰੇਵਾਲ ਦਾ ਇਹ ਕਥਨ ਕਦੋਂ ਸੱਚ ਹੁੰਦਾ ਹੈ। ਸ. ਪਾਲ ਸਿੰਘ ਪੁਰੇਵਾਲ ਦਾ ਅੰਤਿਮ ਸੰਸਕਾਰ ਦਿਨ ਮੰਗਲਵਾਰ 27 ਸਤੰਬਰ ਦਪਿਹਰ 1 ਵਜੇ 6403 ਰੋਪੜ ਰੋੜ "623 76 ਵਿਖੇ ਹੋਵੇਗਾ। ਸਸਕਾਰ ਤੋਂ ਉਪਰੰਤ ਪਾਠ ਦੇ ਭੋਗ ਅਤੇ ਅਰਦਾਸ ਉਸੇ ਦਿਨ ਬਅਦ ਦੁਪਹਿਰ 3 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 4504 ਮਿਲਵੁੱਡਜ਼ ਰੋਡ ਸਾਉਥ, ਐਡਮਿਟਨ ਵਿਖੇ ਹੋਵੇਗੀ। ਇਸ ਦੌਰਾਨ ਕੈਨੇਡੀਅਨ ਸਿੱਖ ਸਟੱਡੀਜ਼ ਐਂਡ ਟੀਚਿੰਗ ਸੁਸਾਇਟੀ ਸਮਸਤ ਬੀਸੀ ਦੀਆਂ ਸਿੱਖ ਸੰਸਥਾਵਾਂ ਵੱਲੋਂ ਸਰੀ ਸਥਿਤ ਯਾਰਕ ਸੈਂਟਰ ਵਿਖੇ ਸ ਪਾਲ ਸਿੰਘ ਪੁਰੇਵਾਲ ਨੂੰ ਅੱਜ ਸ਼ਰਧਾਂਜਲੀ ਭੇਟ ਕੀਤੀ ਜਾਏਗੀ ਅਤੇ ਉਨ੍ਹਾਂ ਦੀ ਲਿਖੀ ਕਿਤਾਬ ਲੋਕ ਅਰਪਣ ਕੀਤੀ ਜਾਏਗੀ। ਇਸ ਮੌਕੇ 'ਤੇ ਕਿਤਾਬ ਰਿਲੀਜ਼ ਸਮਾਰੋਹ ਦੀ ਅਗਵਾਈ ਡਾ ਬਲਵੰਤ ਸਿੰਘ ਢਿੱਲੋਂ ਕਰਨਗੇ, ਜੋ ਕਿ ਪਾਲ ਸਿੰਘ ਪੁਰੇਵਾਲ ਹੁਰਾਂ ਦੇ ਨਜ਼ਦੀਕੀਆਂ ਵਿੱਚੋਂ ਇੱਕ ਸਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

# ਪੰਜਾਹ ਰੁਪਏ 'ਚ ਸ਼ੋਅ ਕਰਦਾ ਰਿਹੈ ਕਾਮੇਡੀ ਜਗਤ ਦਾ 'ਬਾਦਸ਼ਾਹ' ਰਾਜੂ ਸ੍ਰੀਵਾਸਤਵ



ਮੁੰਬਈ-ਭਾਰਤ ਦੇ ਕਾਮੇਡੀ ਜਗਤ ਦੇ ਬ੍ਰਹਿਮੰਡ 'ਚੋਂ ਰਾਜੂ ਸ੍ਰੀਵਾਸਤਵ ਦੇ ਨਾਮ ਦਾ ਤਾਰਾ ਅੱਜ ਟੁੱਟ ਗਿਆ। ਉੱਘੇ ਹਾਸਰਸ ਕਲਾਕਾਰ ਨੇ ਅੱਜ ਸਵੇਰੇ 10.30 ਵਜੇ ਨਵੀਂ ਦਿੱਲੀ ਦੇ ਏਮਸ 'ਚ ਆਖ਼ਰੀ ਸਾਹ ਲਿਆ। ਦੇਸ਼ ਦੇ ਚੋਟੀ ਦੇ ਨਾਮੀ ਹਾਸਰਸ ਕਲਾਕਾਰਾਂ 'ਚ ਸ਼ੁਮਾਰ ਰਾਜੂ ਸ੍ਰੀਵਾਸਤਵ ਦਾ ਜੀਵਨ ਬਹੁਤ ਔਕੜਾਂ ਭਰਿਆ ਰਿਹਾ ਹੈ। ਰਾਜੂ ਦਾ ਜਨਮ ਕਾਨਪੁਰ, ਉੱਤਰ ਪ੍ਰਦੇਸ਼ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਰਮੇਸ਼ ਚੰਦਰ ਸ੍ਰੀਵਾਸਤਵ ਇੱਕ ਸਰਕਾਰੀ ਮੁਲਾਜ਼ਮ ਤੇ ਕਵੀ ਸਨ ਤੇ ਉਨ੍ਹਾਂ ਦੀ ਮਾਤਾ ਸਰਸਵਤੀ ਸ੍ਰੀਵਾਸਤਵ ਘਰੇਲੂ ਔਰਤ ਸੀ। ਰਾਜੂ ਦਾ ਪਹਿਲਾ ਨਾਂ ਸੱਤਿਆ ਪ੍ਰਕਾਸ਼ ਸ੍ਰੀਵਾਸਤਵ ਸੀ। ਰਾਜੂ ਨੂੰ ਬਚਪਨ ਤੋਂ ਹੀ ਕਾਮੇਡੀਅਨ ਬਣਨ ਦਾ ਬਹੁਤ ਸ਼ੌਕ ਸੀ ਤੇ ਉਹ ਆਪਣੇ ਇਸ ਸੁਫ਼ਨੇ ਨੂੰ ਪੂਰਾ ਕਰਨ ਲਈ 1980ਵਿਆਂ ਵਿੱਚ ਮੁੰਬਈ ਚਲਾ ਆ ਗਿਆ ਸੀ। ਕਿਉਂਕਿ ਉਸ ਵੇਲੇ ਕਾਮੇਡੀ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ, ਇਸ ਕਰਕੇ ਰਾਜੂ ਨੂੰ ਕੰਮ ਲੱਭਣ ਵਿੱਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਪਣੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਰਾਜੂ ਨੇ ਆਟੋ ਰਿਕਸ਼ਾ ਚਲਾਉਣਾ ਸ਼ੁਰੂ ਕੀਤਾ ਅਤੇ ਉਹ ਆਪਣੇ ਸੁਫ਼ਨੇ ਨੂੰ ਜਿਊਂਦਾ ਰੱਖਣ ਲਈ 50 ਰੁਪਏ 'ਚ ਸ਼ੋਅ ਵੀ ਕਰਦਾ ਰਿਹਾ। ਸਾਲ 1988 ਵਿੱਚ ਉਸ ਨੂੰ ਫ਼ਿਲਮ 'ਤੇਜ਼ਾਬ' ਵਿੱਚ ਇੱਕ ਨਿੱਕੀ ਜਿਹੀ ਭੂਮਿਕਾ ਨਿਭਾਉਣ ਦਾ ਮੌਕਾ ਮਿਲਿਆ, ਜਿਥੋਂ ਉਸ ਦਾ ਸਿਨੇ ਜਗਤ 'ਚ ਸਫ਼ਰ ਸ਼ੁਰੂ ਹੋਇਆ ਤੇ ਉਪਰੰਤ ਸਲਮਾਨ ਖ਼ਾਨ ਦੀ 'ਮੈਂਨੇ ਪਿਆਰ ਕੀਆ' ਵਿੱਚ ਉਸ ਦੀ ਭੂਮਿਕਾ ਸ਼ਲਾਘਾਯੋਗ ਸੀ। 'ਦਿ ਗ੍ਰੇਟ ਇੰਡੀਅਨ ਲਾਫ਼ਟਰ ਚੈਲੇਂਜ' ਨੇ ਉਸ ਨੂੰ ਕੌਮੀ ਪੱਧਰ 'ਤੇ ਪਛਾਣ ਦਿੱਤੀ। ਉਸ ਨੇ 'ਕਿੰਗ ਆਫ਼ ਕਾਮੇਡੀ' ਤੇ 'ਦਿ ਗ੍ਰੇਟ ਇੰਡੀਅਨ ਲਾਫ਼ਟਰ ਚੈਲੇਂਜ-ਚੈਂਪੀਅਨਜ਼' ਦੇ ਖ਼ਿਤਾਬ ਜਿੱਤੇ। ਸਾਲ 2014 ਵਿੱਚ ਰਾਜੂ ਨੂੰ ਲੋਕ ਸਭਾ ਚੋਣਾਂ ਲਈ ਕਾਨਪੁਰ ਤੋਂ ਸਮਾਜਵਾਦੀ ਪਾਰਟੀ ਦੀ ਟਿਕਟ ਮਿਲੀ, ਪਰ ਉਸ ਨੇ ਇਹ ਟਿਕਟ ਵਾਪਸ ਕਰ ਦਿੱਤੀ ਸੀ। ਉਹ 19 ਮਾਰਚ 2014 'ਚ ਭਾਜਪਾ ਵਿੱਚ ਸ਼ਾਮਲ ਹੋ ਗਿਆ ਸੀ। ਜ਼ਿੰਦਗੀ ਦੇ ਉਤਰਾਅ-ਚੜ੍ਹਾਵਾਂ ਨਾਲ ਜੂਝਦਿਆਂ ਰਾਜੂ ਸ੍ਰੀਵਾਸਤਵ ਅਖੀਰ 42 ਦਿਨ ਆਈਸੀਯੂ ਵਿੱਚ ਜ਼ਿੰਦਗੀ ਦੀ ਜੰਗ ਹਾਰ ਗਿਆ। ਰਾਜੂ ਦਾ ਕੰਮ ਹਮੇਸ਼ਾਂ ਉਸ ਨੂੰ ਅਮਰ ਰੱਖੇਗਾ।

## ਨਵੀਂ ਦਿੱਖ 'ਚ ਨਜ਼ਰ ਆਵੇਗੀ ਪਰਿਨੀਤੀ ਚੋਪੜਾ




ਮੁੰਬਈ-ਬੌਲੀਵੁੱਡ ਅਦਾਕਾਰਾ ਪਰਿਨੀਤੀ ਚੋਪੜਾ ਫ਼ਿਲਮ 'ਕੋਡ ਨੇਮ ਤਿਰੰਗਾ' ਦੀ ਰਿਲੀਜ਼ ਦੀਆਂ ਤਿਆਰੀਆਂ ਵਿੱਚ ਰੁੱਝੀ ਹੋਈ ਹੈ। ਅਦਾਕਾਰਾ ਦਾ ਕਹਿਣਾ ਹੈ ਕਿ ਉਹ ਇਸ ਫ਼ਿਲਮ ਰਾਹੀਂ ਇੱਕ ਬਿਲਕੁਲ ਵੱਖਰੇ ਰੂਪ ਵਿੱਚ ਹਾਜ਼ਰ ਹੋਵੇਗੀ। 'ਸੰਦੀਪ ਔਰ ਪਿੰਕੀ ਫ਼ਰਾਰ', 'ਸਾਈਨਾ' ਤੇ 'ਦਿ ਗਰਲ ਔਨ ਦਿ ਟ੍ਰੇਨ' ਵਰਗੀਆਂ ਫਿਲਮਾਂ ਰਾਹੀਂ ਦਰਸ਼ਕਾਂ ਦੀ ਵਾਹ-ਵਾਹ ਖੱਟਣ ਵਾਲੀ ਅਦਾਕਾਰਾ ਨੇ ਆਖਿਆ, 'ਮੈਂ ਆਪਣਾ ਇੱਕ ਹੋਰ ਨਵਾਂ ਤੇ ਵੱਖਰਾ ਰੂਪ ਲੈ ਕੇ ਦਰਸ਼ਕਾਂ ਸਾਹਮਣੇ ਹਾਜ਼ਰ ਹਾਂ। ਮੇਰਾ ਇਹ ਰੂਪ ਅੱਜ ਤੱਕ ਕਿਸੇ ਨੇ ਵੀ ਨਹੀਂ ਵੇਖਿਆ ਹੋਵੇਗਾ। ਇਹ ਮੇਰਾ ਖ਼ੁਦ ਨੂੰ ਵੱਖਰਾ ਅਤੇ ਹੋਰ ਚੁਣੌਤੀਪੂਰਨ ਕੰਮ ਕਰਨ ਲਈ ਪ੍ਰੇਰਨ ਦਾ ਇਕ ਤਰੀਕਾ ਹੈ ਤਾਂ ਜੋ ਮੈਂ ਹਰ ਵਾਰ ਦਰਸ਼ਕਾਂ ਸਾਹਮਣੇ ਕੁਝ ਵੱਖਰਾ ਪੇਸ਼ ਕਰ ਸਕਾਂ।' ਪਰਿਨੀਤੀ ਨੇ ਕਿਹਾ, 'ਫ਼ਿਲਮ ਦੇ ਪੋਸਟਰ ਵਿੱਚ ਮੇਰੇ ਹੱਥ ਵਿੱਚ ਫੜੀ ਹੋਈ ਬੰਦੂਕ ਮੇਰੇ ਕਿਰਦਾਰ ਦਾ ਇੱਕ ਹਿੱਸਾ ਹੈ। ਮੈਂ ਤੁਹਾਨੂੰ ਭਰੋਸਾ ਦਿਵਾਉਂਦੀ ਹਾਂ ਕਿ ਅਸੀਂ ਇਸ ਫ਼ਿਲਮ ਰਾਹੀਂ ਦਰਸ਼ਕਾਂ ਦੇ ਹੋਸ਼ ਉਡਾ ਦਿਆਂਗੇ।' ਇਸ ਫ਼ਿਲਮ ਵਿੱਚ ਪਰਿਨੀਤੀ ਇੱਕ ਰਾਅ ਏਜੰਟ ਦੀ ਭੂਮਿਕਾ ਨਿਭਾਅ ਰਹੀ ਹੈ, ਜੋ ਆਪਣੇ ਦੇਸ਼ ਦੀ ਰਾਖੀ ਲਈ ਜੋਖਮ ਭਰੇ ਮਿਸ਼ਨ 'ਤੇ ਕੰਮ ਕਰ ਰਹੀ ਹੈ। ਫ਼ਿਲਮ ਵਿੱਚ ਪਰਿਨੀਤੀ ਨਾਲ ਗਾਇਕ ਹਾਰਡੀ ਸੰਧੂ ਵੀ ਦਿਖਾਈ ਦੇਵੇਗਾ।



# ਮੁਖਤਾਰ ਅੰਸਾਰੀ ਨੂੰ ਗੈਂਗਸਟਰ ਮਾਮਲੇ ਵਿੱਚ ਪੰਜ ਸਾਲ ਦੀ ਸਜ਼ਾ



ਲਖਨਊ-ਮੁਖਤਾਰ ਅੰਸਾਰੀ ਦੀਆਂ ਮੁਸ਼ਕਲਾਂ ਵਧਦੀਆਂ ਹੀ ਜਾ ਰਹੀਆਂ ਹਨ। ਉਸ ਨੂੰ ਗੈਂਗਸਟਰ ਮਾਮਲੇ ਵਿਚ ਅੱਜ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਇਕ ਦਿਨ ਪਹਿਲਾਂ ਉਸ ਨੂੰ ਜੇਲ੍ਹਰ ਨੂੰ ਧਮਕਾਉਣ ਦੇ ਦੋਸ਼ ਹੇਠ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤ ਨੇ ਅੱਜ ਉਸ ਨੂੰ ਗੈਂਗਸਟਰ ਮਾਮਲੇ ਵਿਚ ਵੀ ਦੋਸ਼ੀ ਠਹਿਰਾ ਦਿੱਤਾ। ਇਸ ਦੇ ਨਾਲ ਹੀ ਅਦਾਲਤ ਨੇ ਉਸ ਨੂੰ 50 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ। ਹਾਈ ਕੋਰਟ ਦੇ ਲਖਨਊ ਬੈਂਚ ਨੇ ਗੈਂਗਸਟਰ ਐਕਟ ਤਹਿਤ 23 ਸਾਲ ਪੁਰਾਣੇ ਮਾਮਲੇ ਵਿਚ ਅੰਸਾਰੀ ਨੂੰ ਸਜ਼ਾ ਸੁਣਾਈ। ਇਸ ਸਬੰਧੀ ਐਫਆਈਆਰ ਥਾਣਾ ਹਜਰਤਗੰਜ ਵਿਚ ਸਾਲ 1999 ਵਿਚ ਦਰਜ ਕੀਤੀ ਗਈ ਸੀ।


MORTGAGE

Get Interest Rates as low as 4.18%*

5 YEARS VARIABLE CLOSED

*Conditions Apply. Rates subject to change without notice. Vaild till 31 Aug., 22. It is for the Principal house.

GET CASH BACK UP TO $3000*



Our Symbol of Care & Service

Superior Mortgage

Unit 244-8138-128 Street, Surrey

604 507 1000



JOSAN REBAR & DAMPPROOFING LTD.

7 ਸਾਲ ਤੋਂ ਵੱਧ ਤਜ਼ਰਬਾ

- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE





-ਮੁਫਤ ਐਸਟੀਮੇਟ ਲਈ ਫੋਨ ਕਰੋ:

ਸੁਖਵਿੰਦਰ ਸਿੰਘ ਜੋਸਨ

604.250.1686

Email: sukhwinderjosan25@gmail.com


# ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਕੈਨੇਡਾ ਜਾਣ ਵਿਦਿਆਰਥੀਆਂ ਲਈ ਐਡਵਾਇਜ਼ਰੀ ਜਾਰੀ



ਓਟਾਵਾ-ਭਾਰਤ ਨੇ ਅੱਜ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਅਤੇ ਉਥੇ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਨੂੰ ਉਥੇ ਵਧ ਰਹੇ ਅਪਰਾਧਾਂ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਦੇ ਮੱਦੇਨਜ਼ਰ ਚੌਕਸ ਰਹਿਣ ਲਈ ਐਡਵਾਈਜ਼ਰੀ ਜਾਰੀ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਭਾਰਤ ਦੇ ਅਧਿਕਾਰੀਆਂ ਨੇ ਇਨ੍ਹਾਂ ਘਟਨਾਵਾਂ ਨੂੰ ਕੈਨੇਡੀਅਨ ਅਧਿਕਾਰੀਆਂ ਕੋਲ ਉਠਾਇਆ ਸੀ ਅਤੇ ਉਨ੍ਹਾਂ ਨੂੰ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਦੀ ਅਪੀਲ ਕੀਤੀ ਸੀ। ਕੈਨੇਡਾ ਵਿੱਚ ਨਫਰਤੀ ਤੇ ਸੰਪਰਦਾਇਕ ਹਿੰਸਾ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਵਿਦੇਸ਼ ਮੰਤਰਾਲੇ ਨੇ ਭਾਰਤੀਆਂ ਨੂੰ ਇਸ ਮਾਮਲੇ ਵਿਚ ਚੌਕਸ ਰਹਿਣ ਲਈ ਕਿਹਾ ਹੈ। ਐਡਵਾਈਜ਼ਰੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੈਨੇਡਾ ਵਿੱਚ ਭਾਰਤੀ ਨਾਗਰਿਕ ਅਤੇ ਵਿਦਿਆਰਥੀ ਓਟਾਵਾ ਵਿੱਚ ਭਾਰਤ ਦੇ ਹਾਈ ਕਮਿਸ਼ਨ ਜਾਂ ਟੋਰਾਂਟੋ ਅਤੇ ਵੈਨਕੂਵਰ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਕੋਲ ਆਪਣੀਆਂ ਸ਼ਿਕਾਇਤਾਂ ਵੀ ਦੇ ਸਕਦੇ ਹਨ। ਇਹ ਸ਼ਿਕਾਇਤਾਂ ਰਜਿਸਟਰਡ ਕੀਤੀਆਂ ਜਾਣਗੀਆਂ। ਸਲਾਹਕਾਰ ਨੇ ਕਿਹਾ ਅਜਿਹੀ ਰਜਿਸਟ੍ਰੇਸ਼ਨ ਹਾਈ ਕਮਿਸ਼ਨ ਅਤੇ ਕੌਂਸਲੇਟ ਜਨਰਲ ਨੂੰ ਕਿਸੇ ਵੀ ਲੋੜ ਜਾਂ ਐਮਰਜੈਂਸੀ ਦੀ ਸਥਿਤੀ ਵਿੱਚ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਨਾਲ ਬਿਹਤਰ ਢੰਗ ਨਾਲ ਸੰਪਰਕ ਕਰਨ ਦੇ ਯੋਗ ਬਣਾਵੇਗੀ।

## ਡਾਲਰ ਦੇ ਮੁਕਾਬਲੇ 81 ਰੁਪਏ ਦੇ ਪਾਰ ਪੁੱਜਿਆ ਭਾਰਤੀ ਰੁਪਇਆ

ਨਵੀਂ ਦਿੱਲੀ-ਅਮਰੀਕੀ ਡਾਲਰ ਦੇ ਮੁਕਾਬਲੇ ਅੱਜ ਭਾਰਤ ਦਾ ਰੁਪਇਆ 44 ਪੈਸੇ ਹੇਠਾਂ ਡਿੱਗ ਗਿਆ। ਇਸ ਗਿਰਾਵਟ ਨਾਲ ਭਾਰਤੀ ਰੁਪਏ ਦੀ ਕੀਮਤ ਡਾਲਰ ਦੇ ਮੁਕਾਬਲੇ 81 ਰੁਪਏ ਤੋਂ ਪਾਰ ਪੁੱਜ ਗਈ ਹੈ। ਅੱਜ ਮਾਰਕੀਟ ਖੁੱਲ੍ਹਣ 'ਤੇ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ 81.23 ਦਰਜ ਕੀਤੀ ਗਈ। ਇਹ ਗਿਰਾਵਟ ਅਮਰੀਕੀ ਕਰੰਸੀ ਦੀ ਮਜ਼ਬੂਤੀ ਤੇ ਭਾਰਤੀ ਨਿਵੇਸ਼ਕਾਂ ਵਿਚ ਡਰ ਬਾਅਦ ਦਰਜ ਕੀਤੀ ਗਈ। ਇਹ ਹੁਣ ਤਕ ਦਾ ਸਭ ਤੋਂ ਹੇਠਲਾ ਪੱਧਰ ਹੈ।

## ਮਮਤਾ ਬੈਨਰਜੀ ਦੇ ਭਰਾ ਬੇਹਿਸਾਬੀ ਜਾਇਦਾਦ ਬਣਾਉਣ ਦੇ ਦੋਸ਼ਾਂ ਵਿਚ ਘਿਰੇ

ਕੋਲਕਾਤਾ-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਪੰਜ ਭਰਾ ਤੇ ਰਿਸ਼ਤੇਦਾਰ ਆਮਦਨ ਸਰੋਤਾਂ ਤੋਂ ਵਧ ਜਾਇਦਾਦ ਬਣਾਉਣ ਦੇ ਦੋਸ਼ਾਂ ਵਿਚ ਘਿਰ ਗਏ ਹਨ। ਹਾਈ ਕੋਰਟ ਨੇ ਉਨ੍ਹਾਂ ਨੂੰ 11 ਨਵੰਬਰ ਤਕ ਹਲਫਨਾਮਾ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਕੋਲਕਾਤਾ ਹਾਈ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਅਨੁਸਾਰ ਤ੍ਰਿਣਮੂਲ ਕਾਂਗਰਸ ਦੇ ਸਾਲ 2011 ਤੋਂ ਸੱਤਾ ਵਿਚ ਆਉਣ ਤੋਂ ਬਾਅਦ ਬੈਨਰਜੀ ਪਰਿਵਾਰ ਦੀ ਸੰਪਤੀ ਬੇਹਿਸਾਬੀ ਵਧੀ।

## ਅਰਮਾਨ ਕੋਹਲੀ ਨੂੰ ਡਰੱਗ ਮਾਮਲੇ ਵਿੱਚ ਜ਼ਮਾਨਤ ਮਿਲੀ



ਮੁੰਬਈ-ਬੰਬੇ ਹਾਈ ਕੋਰਟ ਨੇ ਡਰੱਗ ਕੇਸ ਦੇ ਮਾਮਲੇ ਵਿਚ ਅਦਾਕਾਰ ਅਰਮਾਨ ਕੋਹਲੀ ਨੂੰ ਜ਼ਮਾਨਤ ਦੇ ਦਿੱਤੀ ਹੈ। ਉਹ ਪਿਛਲੇ ਇਕ ਸਾਲ ਤੋਂ ਨਿਆਂਇਕ ਹਿਰਾਸਤ ਵਿਚ ਨਜ਼ਰਬੰਦ ਸੀ। ਜ਼ਿਕਰਯੋਗ ਹੈ ਕਿ ਉਸ ਨੂੰ ਪਿਛਲੇ ਸਾਲ 28 ਅਗਸਤ ਨੂੰ ਕੋਕੀਨ ਸਣੇ ਕਾਬੂ ਕੀਤਾ ਗਿਆ ਸੀ। ਇਸ ਮਾਮਲੇ ਦੀ ਸੁਣਵਾਈ ਕਰਦਿਆਂ ਐਨਡੀਪੀਐਸ ਅਦਾਲਤ ਨੇ ਕਈ ਵਾਰ ਜ਼ਮਾਨਤ ਖਾਰਜ ਕੀਤੀ ਸੀ। ਅਰਮਾਨ ਕੋਹਲੀ ਦੇ ਘਰ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਛਾਪਾ ਮਾਰਿਆ ਸੀ ਤੇ ਉਸ ਨੂੰ ਕੋਕੀਨ ਸਣੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਜ਼ਮਾਨਤ ਮਿਲਣ ਮਗਰੋਂ ਉਸ ਦੀ ਜਲਦੀ ਰਿਹਾਈ ਹੋਣ ਦੀ ਸੰਭਾਵਨਾ ਹੈ।


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

# Gold Key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

**OPEN 7 DAYS**

ICBC autoplan www.goldkeyinsurance.ca

Fruiticana Diwali FREE GIVEAWAY 2022

Visit in-store and scan The QR code to WIN

Fruiticana hee jaana!

Enter for a chance to Win Free home appliances every day

WINNER EVERY DAY!

Home Appliances Sponsored By: TEJA, BRAR'S SAMOSAS, BRAR'S DAIRY, SHER

* no purchase necessary, * items may not be the same

# LOWEST PRICES IN TOWN

## EXTRA EXTRA SUPER SPECIAL
**Yellow Onions 50 lbs**
ਪੀਲੇ ਗੰਢੇ
$17.99 bag

## EXTRA SUPER SUPER SPECIAL
**Red Onions 25 lbs**
ਲਾਲ ਗੰਢੇ
$16.99 bag

**Green Beans** ਹਰੀਆਂ ਫਲੀਆਂ — $1.49 lb

**Petha Kadu** ਪੇਠਾ ਕੱਦੂ — 99¢ lb

**Peaches BC** ਆੜੂ ਬੀਸੀ — $1.49 lb

**Sohna Spinach 850 g** ਸੋਹਨਾ ਪਾਲਕ 850g — $1.99 can

**Ashoka Cut Okra Frozen 908 gms** ਅਸ਼ੋਕਾ ਭਿੰਡੀ — $2.99 pkg.

## EXTRA SUPER SUPER SPECIAL
**BC Hot Chili Peppers** ਬੀਸੀ ਕੌੜੀਆਂ ਮਿਰਚਾਂ — $1.99 lb

## SUPER SPECIAL
**Russet Potatoes Snoboy 10 lbs** ਆਲੂ ਰਸਟ ਸਨੋਬੁਆਏ — $2.99 bag

## SUPER SPECIAL
**Red, Yellow, Orange & Green Peppers** ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ) — 99¢ lb

## SUPER SPECIAL
**BC Gala Apples** ਬੀਸੀ ਗਾਲਾ ਸੇਬ — 99¢ lb

## SUPER SPECIAL
**Green Cabbage** ਹਰੀ ਬੰਦ ਗੋਭੀ — 59¢ lb

## SUPER SPECIAL
**Chickpeas, Chana Dal & Red Lentil Whole 4 lbs (Indican)** ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਨ) — $3.88 bag

## SUPER SPECIAL
**Red Delicious Apples USA #1** ਲਾਲ ਸਵਾਦ ਸੇਬ ਯੂ.ਐਸ. #੧ — 98¢ lb

## SUPER SPECIAL
**Green & Red Seedless Grapes** ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ) — $1.99 lb

**Indican Assam Tea 216's** ਇੰਡੀਕੈਂਨ ਅਸਾਮ ਚਾਹ — $7.99 box

**Hamdard Rooh Afza (Indian) 750 ml** ਰੂਹ ਅਫਜ਼ਾ — $3.49 bottle

**Dabur Rose Syrup 710 ml** ਡਾਬਰ ਗੁਲਾਬ ਰਸ — $4.99 bottle

**Indican Almond Oil 1 L** ਇੰਡੀਕੈਂਨ ਬਦਾਮ ਦਾ ਤੇਲ — $12.99 bottle

**Green Elaichi (Cardamom) S.G** ਹਰੀ ਇਲਾਇਚੀ (ਐਸ. ਜੀ) — $18.99 lb

**Fri Sep 23, 2022 - Wed Sep 28, 2022**

We reserve the right to limit the quantities while they last

**Specials valid for Lower Mainland only**

Product images may differ from the actual product.

**22 LOCATIONS TO SERVE YOU**
Head Office: 7676 Anvil Way, Surrey
604-502-0005
www.fruiticana.com

Fruiticana SINCE 1994

BUSINESS HOURS 9AM - 9PM 7 DAYS A WEEK

Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ---- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ---------------- 604-244-9520